ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1| Jan.-Mar. 2026

ISSN: 2583-9446 (O)
Paper Published Id: ARMN040102
Available online at: www.armaan.org.in
DOI: https://doi.org/10.64119/armaan.vol.4.issue1.02

# ਆਧੁਨਿਕ ਪ੍ਰਤੀਯੋਗੀ ਯੁੱਗ ਵਿੱਚ ਪ੍ਰੇਮ, ਕੈਰੀਅਰ ਅਤੇ ਅਭਿਲਾਸ਼ਾਵਾਂ ਦਾ ਦਵੰਦ

**(ਡਾ. ਸੰਦੀਪ ਸਿੰਘ ਮੁੰਡੇ ਦੁਆਰਾ ਅਨੁਵਾਦਿਤ 'ਕਲੈਕਟਰ ਸਾਹਿਬਾ' ਨਾਵਲ ਦੇ ਵਿਸ਼ੇਸ਼ ਸੰਦਰਭ ਵਿੱਚ)**

# Aadhunik Pratiyogi Yugg Vich Prem, Career Ate Abhilashavan Da Dwand

**(Dr. Sandeep Singh Munday Dvara Anuvadit 'Collector Sahiba' Novel De Vishesh Sandarbh Vich)**

**ਡਾ. ਹਰਦੇਵ ਸਿੰਘ (Dr. Hardev Singh)**
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ (Assistant Professor, Dept. of Punjabi)
ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ (ਹਰਿਆਣਾ)
Email ID: hardevapc@cdlu.ac.in ਮੋਬਾਈਲ: +91-98120-90721

*ਸਾਰ (Abstract)*

*ਇੱਕੀਵੀਂ ਸਦੀ ਦੇ ਭਾਰਤੀ ਸਮਾਜਿਕ ਪਰਿਪੇਖ ਵਿੱਚ ਪ੍ਰਤੀਯੋਗੀ ਪ੍ਰੀਖਿਆਵਾਂ, ਵਿਸ਼ੇਸ਼ ਤੌਰ 'ਤੇ ਯੂ.ਪੀ.ਐੱਸ.ਸੀ. (UPSC), ਨੌਜਵਾਨ ਪੀੜ੍ਹੀ ਦੀਆਂ ਅਕਾਂਖਿਆਵਾਂ, ਹੋਂਦ ਦੇ ਸੰਘਰਸ਼ ਅਤੇ ਪਛਾਣ ਦੇ ਨਿਰਮਾਣ ਦਾ ਕੇਂਦਰੀ ਧੁਰਾ ਬਣ ਚੁੱਕੀਆਂ ਹਨ। ਪ੍ਰਸਤੁਤ ਖੋਜ ਪੱਤਰ ਆਧੁਨਿਕ ਪ੍ਰਤੀਯੋਗੀ ਯੁੱਗ ਵਿੱਚ ਨੌਜਵਾਨ ਮਾਨਸਿਕਤਾ ਦੇ ਅੰਦਰੂਨੀ ਅਤੇ ਬਾਹਰੀ ਜੀਵਨ ਵਿੱਚ ਪੈਦਾ ਹੋਣ ਵਾਲੇ ਗੁੰਝਲਦਾਰ ਮਨੋਵਿਗਿਆਨਕ ਦਵੰਦਾਂ ਦਾ ਇੱਕ ਅਕਾਦਮਿਕ ਅਧਿਐਨ ਪੇਸ਼ ਕਰਦਾ ਹੈ। ਇਹ ਵਿਸ਼ਲੇਸ਼ਣ ਮੂਲ ਰੂਪ ਵਿੱਚ ਕੈਲਾਸ਼ ਮੰਜੂ ਬਿਸ਼ਨੋਈ ਦੁਆਰਾ ਰਚਿਤ ਅਤੇ ਡਾ. ਸੰਦੀਪ ਸਿੰਘ ਮੁੰਡੇ ਦੁਆਰਾ ਅਨੁਵਾਦਿਤ ਨਾਵਲ 'ਯੂ.ਪੀ.ਐੱਸ.ਸੀ. ਵਾਲਾ ਲਵ ਕਲੈਕਟਰ ਸਾਹਿਬਾ' ਦੇ ਵਿਸ਼ੇਸ਼ ਸੰਦਰਭ ਵਿੱਚ ਹੈ। ਨਾਵਲ ਦੇ ਮੁੱਖ ਪਾਤਰਾਂ- ਗਿਰੀਸ਼ ਅਤੇ ਐਂਜਲ- ਦੇ ਜੀਵਨ ਬਿਰਤਾਂਤ ਰਾਹੀਂ ਇਹ ਵਿਸ਼ਲੇਸ਼ਣ ਕੀਤਾ ਗਿਆ ਹੈ ਕਿ ਕਿਵੇਂ ਯੂ.ਪੀ.ਐੱਸ.ਸੀ. (UPSC) ਵਰਗੀਆਂ ਕਠਨ ਪ੍ਰੀਖਿਆਵਾਂ ਦੀ ਤਿਆਰੀ ਦੌਰਾਨ ਨਿੱਜੀ ਭਾਵਨਾਵਾਂ (ਪ੍ਰੇਮ) ਅਤੇ ਕੈਰੀਅਰ ਦੀਆਂ ਅਭਿਲਾਸ਼ਾਵਾਂ ਵਿਚਕਾਰ ਟਕਰਾਅ ਪੈਦਾ ਹੁੰਦਾ ਹੈ। ਇਸ ਖੋਜ ਪੱਤਰ ਵਿੱਚ ਨੌਕਰਸ਼ਾਹੀ ਦੇ ਅੰਦਰੂਨੀ ਹੰਕਾਰ, ਸਫਲਤਾ ਤੋਂ ਬਾਅਦ ਬਦਲਦੇ ਸਮਾਜਿਕ ਰਿਸ਼ਤਿਆਂ, 'ਸਟੇਟਸ ਗੈਪ' ਅਤੇ ਕੋਚਿੰਗ ਸੰਸਥਾਵਾਂ ਦੇ ਵਪਾਰੀਕਰਨ ਵਰਗੇ ਅਹਿਮ ਮੁੱਦਿਆਂ ਨੂੰ ਵਿਚਾਰਿਆ ਗਿਆ ਹੈ। ਖੋਜ ਦਾ ਨਿਸ਼ਕਰਸ਼ ਇਹ ਸਥਾਪਿਤ ਕਰਦਾ ਹੈ ਕਿ ਸੱਚੀ ਸਫਲਤਾ ਕੇਵਲ ਇੱਕ ਉੱਚ-ਪ੍ਰਸ਼ਾਸਨਿਕ ਰੁਤਬਾ ਹਾਸਲ ਕਰਨਾ ਨਹੀਂ, ਸਗੋਂ ਉਸ ਮੁਕਾਮ 'ਤੇ ਪਹੁੰਚ ਕੇ ਵੀ ਆਪਣੇ ਮਾਨਵੀ ਮੁੱਲਾਂ ਅਤੇ ਸੱਚੇ ਰਿਸ਼ਤਿਆਂ ਪ੍ਰਤੀ ਵਫ਼ਾਦਾਰ ਰਹਿਣਾ ਹੈ। ਇਹ ਨਾਵਲ ਅਜੋਕੇ ਪ੍ਰਤੀਯੋਗੀ ਦੌਰ ਵਿੱਚ 'ਸਫਲਤਾ' ਦੀ ਇੱਕ ਨਵੀਂ ਅਤੇ ਸੰਵੇਦਨਸ਼ੀਲ ਪਰਿਭਾਸ਼ਾ ਤੈਅ ਕਰਦਾ ਹੈ, ਜੋ ਪਾਠਕਾਂ ਨੂੰ ਕੈਰੀਅਰ ਅਤੇ ਪਿਆਰ ਵਿਚਕਾਰ ਇੱਕ ਸਾਰਥਕ ਸੰਤੁਲਨ ਬਣਾਉਣ ਦਾ ਸੁਨੇਹਾ ਦਿੰਦੀ ਹੈ।*

*ਕੀਵਰਡ (Keyword): ਪ੍ਰਤੀਯੋਗੀ ਯੁੱਗ, ਪ੍ਰੇਮ, ਅਭਿਲਾਸ਼ਾ, ਯੂ.ਪੀ.ਐੱਸ.ਸੀ. ਸੰਘਰਸ਼, ਸਮਾਜਿਕ ਰੁਤਬਾ, ਨੌਕਰਸ਼ਾਹੀ, ਮਾਨਵੀ ਮੁੱਲ,ਅਨੁਵਾਦਿਤ ਸਾਹਿਤ।*

## ਭੂਮਿਕਾ

ਆਧੁਨਿਕ ਮਨੁੱਖੀ ਜੀਵਨ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਤੀਬਰ ਮੁਕਾਬਲੇਬਾਜ਼ੀ ਅਤੇ ਅੰਨ੍ਹੀਆਂ ਅਭਿਲਾਸ਼ਾਵਾਂ ਨੇ ਵਿਅਕਤੀ ਦੇ ਮਾਨਸਿਕ ਅਤੇ ਸਮਾਜਿਕ ਤਾਣੇ-ਬਾਣੇ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਅਜੋਕੇ ਪੂੰਜੀਵਾਦੀ ਅਤੇ ਤਕਨਾਲੋਜੀ ਦੇ ਯੁੱਗ ਵਿੱਚ, ਸਫ਼ਲਤਾ ਦਾ ਮਾਪਦੰਡ ਕੇਵਲ ਉੱਚ-ਪਦਵੀ, ਆਰਥਿਕ ਮਜ਼ਬੂਤੀ ਅਤੇ ਸਮਾਜਿਕ ਰੁਤਬੇ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਇਸ ਦੌੜ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਅਜੋਕੀ ਨੌਜਵਾਨ ਪੀੜ੍ਹੀ ਹੋ ਰਹੀ ਹੈ, ਜਿਸ ਸਾਹਮਣੇ ਆਪਣੇ ਪੇਸ਼ੇਵਰ ਕੈਰੀਅਰ ਨੂੰ ਸਥਾਪਿਤ ਕਰਨ ਅਤੇ ਆਪਣੀਆਂ ਕੋਮਲ ਮਾਨਵੀ ਭਾਵਨਾਵਾਂ, ਖ਼ਾਸ ਕਰਕੇ ਪ੍ਰੇਮ, ਵਿਚਕਾਰ ਸੰਤੁਲਨ ਬਣਾਉਣਾ ਇੱਕ ਵੱਡੀ ਵੰਗਾਰ ਬਣ ਗਿਆ ਹੈ। ਇੱਕ ਪਾਸੇ ਸਮਾਜਿਕ ਉਮੀਦਾਂ ਅਤੇ ਪਰਿਵਾਰਕ ਦਬਾਅ ਹੈ ਜੋ ਉੱਚ ਅਹੁਦਿਆਂ ਦੀ ਮੰਗ ਕਰਦਾ ਹੈ, ਅਤੇ ਦੂਜੇ ਪਾਸੇ ਮਨੁੱਖ ਦੀ ਨਿੱਜੀ ਦੁਨੀਆ ਹੈ ਜੋ ਸਕੂਨ ਅਤੇ ਸੱਚੇ ਰਿਸ਼ਤਿਆਂ ਦੀ ਤਲਾਸ਼ ਵਿੱਚ ਹੈ। ਇਸੇ ਗੁੰਝਲਦਾਰ ਦਵੰਦ ਨੂੰ ਮੂਲ ਰੂਪ ਵਿੱਚ ਕੈਲਾਸ਼ ਮੰਜੂ ਬਿਸ਼ਨੋਈ ਦੁਆਰਾ ਰਚਿਤ ਅਤੇ ਡਾ. ਸੰਦੀਪ ਸਿੰਘ ਮੁੰਡੇ ਦੁਆਰਾ ਬੜੀ ਸ਼ਿੱਦਤ ਨਾਲ ਪੰਜਾਬੀ ਵਿੱਚ ਅਨੁਵਾਦ ਕੀਤੇ ਨਾਵਲ *'ਯੂ.ਪੀ.ਐੱਸ.ਸੀ. ਵਾਲਾ ਲਵ ਕਲੈਕਟਰ ਸਾਹਿਬਾ'* ਵਿੱਚ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਚਿਤਰਿਆ ਗਿਆ ਹੈ। ਇਹ ਨਾਵਲ ਕੇਵਲ ਦੋ ਪਾਤਰਾਂ ਦੀ ਦਾਸਤਾਨ ਨਹੀਂ, ਸਗੋਂ ਉਸ ਮਾਨਸਿਕ ਯੁੱਧ ਦੀ ਪੇਸ਼ਕਾਰੀ ਹੈ ਜੋ ਅੱਜ ਦਾ ਹਰ ਦੂਜਾ ਨੌਜਵਾਨ ਆਪਣੇ ਅੰਦਰ ਲੜ ਰਿਹਾ ਹੈ।ਇਹ ਨਾਵਲ ਭਾਰਤ ਦੀ ਸਭ ਤੋਂ ਕਠਨ ਪ੍ਰੀਖਿਆ ਮੰਨੀ ਜਾਣ ਵਾਲੀ ਯੂ.ਪੀ.ਐੱਸ.ਸੀ. ਦੇ ਪਿਛੋਕੜ ਵਿੱਚ ਲਿਖਿਆ ਗਿਆ ਹੈ, ਜੋ ਲੱਖਾਂ ਨੌਜਵਾਨਾਂ ਦੇ ਸੁਪਨਿਆਂ ਦਾ ਕੇਂਦਰ ਹੈ। ਲੇਖਕ ਨੇ ਬੜੀ ਬਾਰੀਕੀ ਨਾਲ ਦਿਖਾਇਆ ਹੈ ਕਿ ਕਿਵੇਂ ਇੱਕ ਉਮੀਦਵਾਰ ਦਿੱਲੀ ਵਰਗੇ ਮਹਾਂਨਗਰਾਂ ਦੀਆਂ ਤੰਗ ਗਲੀਆਂ ਵਿੱਚ ਆਪਣੀ ਹੋਂਦ ਨੂੰ ਮਿਟਾ ਕੇ ਇੱਕ ਸੁਪਨੇ ਨੂੰ ਹਕੀਕਤ ਵਿੱਚ ਬਦਲਣ ਲਈ ਦਿਨ-ਰਾਤ ਇੱਕ ਕਰਦਾ ਹੈ। ਨਾਵਲ ਦਾ ਵਿਸ਼ਾ-ਵਸਤੂ ਕੇਵਲ ਇੱਕ ਰਵਾਇਤੀ ਪ੍ਰੇਮ ਕਹਾਣੀ ਤੱਕ ਸੀਮਤ ਨਹੀਂ ਹੈ, ਸਗੋਂ ਇਹ ਉਨ੍ਹਾਂ ਗੰਭੀਰ ਸਵਾਲਾਂ ਨਾਲ ਦਸਤਕ ਦਿੰਦਾ ਹੈ ਕਿ ਕੀ ਸਫ਼ਲਤਾ ਦੇ ਸਿਖਰ 'ਤੇ ਪਹੁੰਚ ਕੇ ਮਨੁੱਖ ਆਪਣੇ ਪੁਰਾਣੇ ਅਹਿਸਾਸਾਂ ਪ੍ਰਤੀ ਵਫ਼ਾਦਾਰ ਰਹਿ ਸਕਦਾ ਹੈ? ਅਸਫਲਤਾਵਾਂ ਦੇ ਡਰ ਅਤੇ ਸਮਾਜਿਕ ਨਿਗ੍ਹਾਵਾਂ ਦੇ ਬੋਝ ਹੇਠ ਦੱਬੇ ਹੋਏ ਪਾਤਰ ਜਦੋਂ ਪ੍ਰੇਮ ਅਤੇ ਅਭਿਲਾਸ਼ਾ ਦੇ ਦੋਰਾਹੇ 'ਤੇ ਖੜ੍ਹਦੇ ਹਨ, ਤਾਂ ਉੱਥੇ ਪੈਦਾ ਹੋਣ ਵਾਲਾ ਤਣਾਅ ਇਸ ਖੋਜ ਪੱਤਰ ਦਾ ਮੁੱਖ ਕੇਂਦਰ ਬਿੰਦੂ ਹੈ। ਇਸ ਨਾਵਲ ਰਾਹੀਂ ਡਾ. ਸੰਦੀਪ ਸਿੰਘ ਮੁੰਡੇ ਨੇ ਪੰਜਾਬੀ

ਸਾਹਿਤ ਵਿੱਚ ਇੱਕ ਨਵੇਂ ਵਿਸ਼ੇ ਦਾ ਪ੍ਰਵੇਸ਼ ਕਰਵਾਇਆ ਹੈ, ਜੋ ਅਜੋਕੇ ਪ੍ਰਤੀਯੋਗੀ ਜੀਵਨ ਦੀਆਂ ਪਰਤਾਂ ਨੂੰ ਉਧੇੜਦਾ ਹੋਇਆ ਸਫ਼ਲਤਾ ਤੋਂ ਬਾਅਦ ਬਦਲਦੇ ਰਿਸ਼ਤਿਆਂ ਦੇ ਸਮਾਜਿਕ-ਮਨੋਵਿਗਿਆਨਕ ਪੱਖਾਂ ਦਾ ਇੱਕ ਵਿਸਥਾਰਿਤ ਦਸਤਾਵੇਜ਼ ਪੇਸ਼ ਕਰਦਾ ਹੈ। ਇਹ ਖੋਜ ਪੱਤਰ ਇਸੇ ਪਰਿਪੇਖ ਵਿੱਚ ਨਾਵਲ ਦੇ ਪਾਤਰਾਂ ਦੇ ਅੰਦਰੂਨੀ ਅਤੇ ਬਾਹਰੀ ਦਵੰਦ ਨੂੰ ਸਮਝਣ ਦੀ ਇੱਕ ਕੋਸ਼ਿਸ਼ ਹੈ।

## 1. ਯੂ.ਪੀ.ਐੱਸ.ਸੀ. ਦਾ ਜਨੂਨ ਅਤੇ ਕੈਰੀਅਰ ਦੀ ਅਭਿਲਾਸ਼ਾ

ਨਾਵਲ 'ਯੂ.ਪੀ.ਐੱਸ.ਸੀ. ਵਾਲਾ ਲਵ ਕਲੈਕਟਰ ਸਾਹਿਬਾ' ਵਿੱਚ ਯੂ.ਪੀ.ਐੱਸ.ਸੀ. (UPSC) ਦੀ ਪ੍ਰੀਖਿਆ ਕੇਵਲ ਇੱਕ ਨੌਕਰੀ ਹਾਸਲ ਕਰਨ ਦਾ ਜ਼ਰੀਆ ਨਹੀਂ, ਸਗੋਂ ਇੱਕ ਅਜਿਹਾ ਜਨੂਨ ਹੈ ਜੋ ਪਾਤਰਾਂ ਦੀ ਹੋਂਦ ਦਾ ਅਨਿੱਖੜਵਾਂ ਅੰਗ ਬਣ ਚੁੱਕਾ ਹੈ। ਨਾਵਲ ਦੇ ਮੁੱਖ ਪਾਤਰ ਗਿਰੀਸ਼ ਅਤੇ ਐਂਜਲ ਦਿੱਲੀ ਦੇ ਮੁਖਰਜੀ ਨਗਰ ਵਰਗੇ ਮਾਹੌਲ ਵਿੱਚ ਆਪਣੇ ਸੁਪਨਿਆਂ ਦੀ ਪੂਰਤੀ ਲਈ ਜੀਅ-ਤੋੜ ਮਿਹਨਤ ਕਰਦੇ ਹਨ। ਨਾਵਲਕਾਰ ਅਨੁਸਾਰ ਇਹ ਖੇਤਰ ਅਜਿਹਾ ਹੈ ਜਿੱਥੇ ਸੁਪਨਿਆਂ ਦੀ ਦੁਨੀਆ ਹਕੀਕਤ ਨਾਲ ਟਕਰਾਉਂਦੀ ਹੈ। ਗਿਰੀਸ਼ ਅਤੇ ਐਂਜਲ ਦਾ ਸੰਪਰਕ ਵੀ ਇਸੇ ਅਭਿਲਾਸ਼ਾ ਦੇ ਰਾਹ ਵਿੱਚ ਹੁੰਦਾ ਹੈ, ਜਿੱਥੇ ਬੌਧਿਕ ਵਿਚਾਰਾਂ ਦੀ ਸਾਂਝ ਉਨ੍ਹਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦੀ ਹੈ। ਇਹ ਜਨੂਨ ਇੰਨਾ ਗੂੜ੍ਹਾ ਹੈ ਕਿ ਨਾਵਲ ਵਿੱਚ ਇਸ ਨੂੰ "ਯੂ.ਪੀ.ਐੱਸ.ਸੀ. ਨਾਲ ਇਸ਼ਕ" ਦਾ ਨਾਮ ਦਿੱਤਾ ਗਿਆ ਹੈ। ਨਾਵਲ ਵਿੱਚ ਚਿਤਰਿਆ ਗਿਆ ਹੈ ਕਿ ਆਈ.ਐੱਸ. ਬਣਨ ਦੀ ਇੱਛਾ ਨੌਜਵਾਨਾਂ ਵਿੱਚ ਕਿਸ ਹੱਦ ਤੱਕ ਹੈ। ਲੇਖਕ ਅਨੁਸਾਰ, ਪਿਛਲੇ ਕੁਝ ਦਹਾਕਿਆਂ ਵਿੱਚ ਇਹ ਸੇਵਾਵਾਂ ਕੇਵਲ ਪ੍ਰਸ਼ਾਸਨ ਦਾ ਹਿੱਸਾ ਨਹੀਂ ਰਹੀਆਂ, ਸਗੋਂ ਐਸ਼ੋ-ਆਰਾਮ, ਸ਼ਾਨ-ਸ਼ੌਕਤ ਅਤੇ ਸਮਾਜਿਕ ਰੁਤਬੇ ਦਾ ਪ੍ਰਤੀਕ ਬਣ ਗਈਆਂ ਹਨ। ਇਹੀ ਕਾਰਨ ਹੈ ਕਿ ਨੌਜਵਾਨਾਂ ਵਿੱਚ ਇਸ ਪ੍ਰੀਖਿਆ ਨੂੰ ਲੈ ਕੇ ਇੱਕ ਅੰਨ੍ਹੀ ਦੌੜ ਲੱਗੀ ਹੋਈ ਹੈ। ਗਿਰੀਸ਼ ਅਤੇ ਐਂਜਲ ਰਾਹੀਂ ਲੇਖਕ ਨੇ ਉਸ ਮਾਨਸਿਕਤਾ ਨੂੰ ਪੇਸ਼ ਕੀਤਾ ਹੈ ਜਿੱਥੇ ਇੱਕ ਉਮੀਦਵਾਰ ਆਪਣੇ ਆਪ ਨੂੰ ਪੂਰੀ ਤਰ੍ਹਾਂ ਇਸ ਪ੍ਰਕਿਰਿਆ ਵਿੱਚ ਝੋਕ ਦਿੰਦਾ ਹੈ।

### 1.1 ਸੁਪਨਿਆਂ ਦੀ ਉਡਾਣ

ਐਂਜਲ ਦੇ ਪਾਤਰ ਰਾਹੀਂ ਨਾਵਲਕਾਰ ਨੇ ਬਚਪਨ ਤੋਂ ਪਾਲੀ ਗਈ ਦ੍ਰਿੜ੍ਹ ਅਭਿਲਾਸ਼ਾ ਨੂੰ ਬਹੁਤ ਖ਼ੂਬਸੂਰਤੀ ਅਤੇ ਮਨੋਵਿਗਿਆਨਕ ਗਹਿਰਾਈ ਨਾਲ ਪੇਸ਼ ਕੀਤਾ ਹੈ। ਬਚਪਨ ਤੋਂ ਹੀ ਉਸ ਦੇ ਮਨ ਵਿੱਚ ਯੂ.ਪੀ.ਐੱਸ.ਸੀ ਦੀ ਖਿੱਚ ਅਤੇ ਅਫ਼ਸਰ ਬਣਨ ਦੀ ਤੀਬਰ ਇੱਛਾ ਜੰਮ ਚੁੱਕੀ ਸੀ। ਇਹ ਸਿਰਫ਼ ਉਸ ਦੀ ਆਪਣੀ ਖ਼ਾਹਿਸ਼ ਨਹੀਂ, ਸਗੋਂ ਪਿੰਡਾਂ ਦੇ ਬੱਚਿਆਂ ਹੀ ਨਹੀਂ, ਬਲਕਿ ਹਰ ਵਰਗ ਦੇ ਬੱਚਿਆਂ ਦੀ ਸਾਂਝੀ ਇੱਛਾ ਦਾ ਪ੍ਰਤੀਕ ਵੀ ਹੈ। ਕਲੈਕਟਰ ਬਣਨ ਦਾ ਉਸ ਦਾ ਸੁਪਨਾ ਕੋਈ ਅਚਾਨਕ ਲਿਆ ਫ਼ੈਸਲਾ ਨਹੀਂ, ਸਗੋਂ ਬਚਪਨ ਦੇ ਪ੍ਰਭਾਵਾਂ, ਆਤਮ-ਚਿੰਤਨ ਅਤੇ ਲਗਾਤਾਰ ਸੰਘਰਸ਼ਾਂ ਦਾ ਨਤੀਜਾ ਹੈ। ਉਹ ਸੋਚਦੀ ਹੈ:

> *"ਉਸ ਰਾਤ ਐਂਜਲ ਇਹ ਸੋਚ ਰਹੀ ਸੀ ਕਿ ਜਦੋਂ ਉਹ ਛੇਵੀਂ ਜਮਾਤ ਵਿੱਚ ਸੀ ਤਾਂ ਦਿਵਿਆ ਮੈਡਮ ਨੇ ਉਸ ਨੂੰ ਪੁੱਛਿਆ ਸੀ, 'ਤੂੰ ਵੱਡੀ ਹੋ ਕੇ ਕੀ ਬਣੇਗੀ?' ਉਸ ਨੇ ਦਲੇਰੀ ਨਾਲ ਤੁਰੰਤ ਜਵਾਬ ਦਿੱਤਾ ਸੀ-'ਕਲੈਕਟਰ'।"* [1]

ਐਂਜਲ ਦੇ ਸੁਪਨਿਆਂ ਦੀਆਂ ਜੜ੍ਹਾਂ ਬਚਪਨ ਦੇ ਅਨੁਭਵਾਂ, ਅੰਦਰੂਨੀ ਸੰਕਲਪ ਅਤੇ ਲਗਾਤਾਰ ਆਤਮ-ਚਿੰਤਨ ਵਿੱਚ ਡੂੰਘਾਈ ਤੱਕ ਵਿਆਪਕ ਸਨ। ਉਸ ਲਈ 'ਕਲੈਕਟਰ' ਬਣਨਾ ਸਿਰਫ਼ ਇਕ ਨੌਕਰੀ ਨਹੀਂ, ਸਗੋਂ ਆਪਣੀ ਪਹਿਚਾਣ ਗੜ੍ਹਣ ਦਾ ਸਾਧਨ ਸੀ। ਇਹੀ ਸੁਪਨਾ ਉਸ ਦੀ ਅਸਲ ਸ਼ਕਤੀ ਬਣ ਜਾਂਦਾ ਹੈ, ਜੋ ਹਰ ਮੁਸ਼ਕਲ ਵੇਲੇ ਉਸ ਨੂੰ ਅੰਦਰੋਂ ਮਜ਼ਬੂਤ ਕਰਦਾ ਹੈ। ਹਿੰਦੀ ਮੀਡੀਅਮ ਦੀ ਪਿਛੋਕੜ ਹੋਣ ਦੇ ਬਾਵਜੂਦ ਉਹ ਆਪਣੀ ਕਮਜ਼ੋਰੀ ਨੂੰ ਰੁਕਾਵਟ ਨਹੀਂ ਬਣਨ ਦਿੰਦੀ। ਇਸ ਦੇ ਉਲਟ, ਉਹ ਇਸ ਨੂੰ ਚੁਣੌਤੀ ਵਜੋਂ ਸਵੀਕਾਰਦੀ ਹੈ। ਲਿਖਤ-ਕਲਾ 'ਤੇ ਨਿਰੰਤਰ ਅਭਿਆਸ, ਅੰਗਰੇਜ਼ੀ ਭਾਸ਼ਾ ਦੇ ਵਿਆਕਰਨ ਅਤੇ ਉਚਾਰਣ 'ਤੇ ਕਾਬੂ ਪਾਉਣ ਲਈ ਉਸ ਦੀ ਦਿਨ-ਰਾਤ ਮਿਹਨਤ ਉਸ ਦੇ ਅਟੱਲ ਮਨੋਬਲ ਦੀ ਗਵਾਹੀ ਦਿੰਦੀ ਹੈ। ਧੀਰੇ-ਧੀਰੇ ਉਹ ਅੰਗਰੇਜ਼ੀ ਵਿੱਚ ਇੰਨੀ ਨਿਪੁੰਨ ਹੋ ਜਾਂਦੀ ਹੈ ਕਿ ਉਸ ਦੀ ਬੋਲਚਾਲ ਵਿੱਚ ਆਤਮ-ਵਿਸ਼ਵਾਸ ਅਤੇ ਫਰਾਟੇਦਾਰ ਪ੍ਰਵਾਹ ਦਿਖਾਈ ਦਿੰਦਾ ਹੈ। ਉਸ ਦੀ ਅਭਿਲਾਸ਼ਾ ਦਾ ਪੱਧਰ ਸਿਰਫ਼ ਉੱਚਾ ਹੀ ਨਹੀਂ, ਸਗੋਂ ਅਨੁਸ਼ਾਸਿਤ ਵੀ ਹੈ। ਉਹ ਹਰ ਰੁਕਾਵਟ ਨੂੰ ਇਕ ਮੌਕੇ ਵਜੋਂ ਵੇਖਦੀ ਹੈ ਅਤੇ ਸੰਘਰਸ਼ਾਂ ਨੂੰ ਆਪਣੇ ਵਿਕਾਸ ਦਾ ਹਿੱਸਾ ਬਣਾਉਂਦੀ ਹੈ। ਇਸ ਤਰ੍ਹਾਂ ਐਂਜਲ ਆਧੁਨਿਕ ਸਮੇਂ ਦੇ 'ਹਾਈ ਅਚੀਵਰ' ਨੌਜਵਾਨਾਂ ਦੀ ਪ੍ਰਤੀਨਿਧਤਾ ਕਰਦੀ ਹੈ- ਜੋ ਸਪਸ਼ਟ ਲਕਸ਼, ਲਗਾਤਾਰ ਮਿਹਨਤ ਅਤੇ ਅਟੱਲ ਵਿਸ਼ਵਾਸ ਨਾਲ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਲਈ ਤਿਆਰ ਰਹਿੰਦੇ ਹਨ।

### 1.2 ਕੈਰੀਅਰ ਬਨਾਮ ਸਮਾਜਿਕ ਦਬਾਅ

ਨਾਵਲ ਦਾ ਇੱਕ ਵੱਡਾ ਹਿੱਸਾ ਉਸ ਸਮਾਜਿਕ ਦਬਾਅ ਅਤੇ ਮਨੋਵਿਗਿਆਨਕ ਹਕੀਕਤ ਨੂੰ ਉਜਾਗਰ ਕਰਦਾ ਹੈ, ਜਿੱਥੇ ਕੈਰੀਅਰ ਸਿਰਫ਼ ਵਿਅਕਤੀਗਤ ਲਕਸ਼ ਨਹੀਂ ਰਹਿੰਦਾ, ਸਗੋਂ ਪਰਿਵਾਰ ਅਤੇ ਸਮਾਜ ਦੀਆਂ ਉਮੀਦਾਂ ਦਾ ਕੇਂਦਰ ਬਣ ਜਾਂਦਾ ਹੈ। ਸਫਲ ਨਾ ਹੋਣ 'ਤੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੇ ਲਗਾਤਾਰ ਸਵਾਲ ਪ੍ਰਤਿਭਾਗੀ ਨੂੰ ਮਾਨਸਿਕ ਤੌਰ 'ਤੇ ਅਸਥਿਰ ਅਤੇ ਪਰੇਸ਼ਾਨ ਕਰਦੇ ਹਨ, ਜਿਸ ਨਾਲ ਉਹ ਆਪਣੇ ਆਤਮ-ਵਿਸ਼ਵਾਸ 'ਤੇ ਸ਼ੱਕ ਕਰਨ ਲੱਗ ਪੈਂਦਾ ਹੈ ਅਤੇ ਅੰਦਰੂਨੀ ਤੌਰ 'ਤੇ ਟੁੱਟਦਾ ਮਹਿਸੂਸ ਕਰਦਾ ਹੈ। ਇਸ ਤਰ੍ਹਾਂ ਬਾਹਰੀ ਦਬਾਅ ਪ੍ਰਤੀਭਾਗੀ ਦੀ ਮਨੋਦਸ਼ਾ ਨੂੰ ਹੋਰ ਵੀ ਜਟਿਲ ਬਣਾ ਦਿੰਦਾ ਹੈ ਅਤੇ ਸੰਘਰਸ਼ ਸਿਰਫ਼ ਪ੍ਰੀਖਿਆ ਤੱਕ ਸੀਮਿਤ ਨਹੀਂ ਰਹਿੰਦਾ, ਸਗੋਂ ਮਨ ਦੇ ਅੰਦਰ ਵੀ ਲੜਾਈ ਬਣ ਜਾਂਦਾ ਹੈ। ਐਂਜਲ ਜਦੋਂ ਲਗਾਤਾਰ ਦੋ ਵਾਰ ਪ੍ਰੀ-ਪ੍ਰੀਖਿਆ ਵਿੱਚ ਅਸਫਲ ਹੁੰਦੀ ਹੈ, ਤਾਂ ਉਸ ਦੇ ਅੰਦਰ ਡੂੰਘੀ ਹੀਣ-ਭਾਵਨਾ ਪੈਦਾ ਹੋ ਜਾਂਦੀ ਹੈ।ਜਿਵੇਂ-

> *"ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰਾਂ ਨੇ ਸਵਾਲ ਪੁੱਛ-ਪੁੱਛ ਕੰਨ ਪਕਾ ਦਿੱਤੇ ਹਨ ਕਿ ਪ੍ਰੀ-ਪ੍ਰੀਖਿਆ ਪਾਸ ਕਿਉਂ ਨਹੀਂ ਹੋ ਰਹੀ? ਇਹ ਸਵਾਲ ਮੇਰੇ ਦਿਲ ਵਿੱਚ ਕੰਢੇ ਵਾਂਗ ਚੁਭਦਾ ਹੈ।"* [2]

ਉਪਰੋਕਤ ਸਤਰਾਂ ਅਜੋਕੇ ਪ੍ਰਤੀਯੋਗੀ ਯੁੱਗ ਦੀ ਉਸ ਕੌੜੀ ਸਚਾਈ ਨੂੰ ਬਿਆਨ ਕਰਦੀਆਂ ਹਨ ਜਿੱਥੇ ਵਿਅਕਤੀ ਦੀ ਕਾਬਲੀਅਤ ਨੂੰ ਕੇਵਲ ਉਸ ਦੀ ਸਫਲਤਾ ਜਾਂ ਅਸਫਲਤਾ ਦੇ ਪੈਮਾਨੇ ਨਾਲ ਮਾਪਿਆ ਜਾਂਦਾ ਹੈ। ਪ੍ਰਤਿਭਾਗੀ 'ਤੇ ਸਮਾਜਿਕ ਦਬਾਅ ਇੰਨਾ ਤੀਬਰ ਹੋ ਜਾਂਦਾ ਹੈ ਕਿ ਉਮੀਦਵਾਰ ਨੂੰ ਆਪਣੀ ਅਸਫਲਤਾ ਲੁਕਾਉਣੀ ਪੈਂਦੀ ਹੈ। ਗਿਰੀਸ਼ ਅਨੁਸਾਰ, ਯੂ.ਪੀ.ਐੱਸ.ਸੀ. ਦੇ ਪੇਪਰ ਦੇਣ ਵਾਲੇ ਹਰ ਪ੍ਰੀਖਿਆਰਥੀ ਨੂੰ ਪੇਪਰ ਤੋਂ ਬਾਅਦ 'ਠੀਕ' ਕਹਿਣਾ ਇੱਕ ਸਮਾਜਿਕ ਮਜਬੂਰੀ ਬਣ ਜਾਂਦਾ ਹੈ, ਕਿਉਂਕਿ ਹਰ ਕੋਈ ਉਸ ਨੂੰ ਉਮੀਦ ਭਰੀਆਂ ਨਜ਼ਰਾਂ ਨਾਲ

ਦੇਖ ਰਿਹਾ ਹੁੰਦਾ ਹੈ। ਇਹੀ ਦਬਾਅ ਐਂਜਲ ਵਰਗੀ ਹੁਸ਼ਿਆਰ ਅਤੇ ਮਿਹਨਤੀ ਵਿਦਿਆਰਥਣ ਨੂੰ ਵੀ ਮਾਨਸਿਕ ਤੌਰ 'ਤੇ ਹਿਲਾ ਦਿੰਦਾ ਹੈ। ਉਹ ਆਪਣੇ ਆਪ ਨੂੰ 'ਅਰਸ਼ ਤੋਂ ਫਰਸ਼' ਤੱਕ ਡਿੱਗਿਆ ਮਹਿਸੂਸ ਕਰਦੀ ਹੈ। ਇਸ ਤਰ੍ਹਾਂ ਨਾਵਲ ਸਪਸ਼ਟ ਕਰਦਾ ਹੈ ਕਿ ਪ੍ਰਤੀਯੋਗੀ ਪ੍ਰਣਾਲੀ ਵਿੱਚ ਸੰਘਰਸ਼ ਸਿਰਫ਼ ਪਾਠਕ੍ਰਮ ਨਾਲ ਨਹੀਂ, ਸਗੋਂ ਸਮਾਜਕ ਉਮੀਦਾਂ ਅਤੇ ਮਨੋਵਿਗਿਆਨਕ ਦਬਾਅ ਨਾਲ ਵੀ ਹੁੰਦਾ ਹੈ।

### 1.3 ਸੰਨਿਆਸੀ ਜੀਵਨ

ਨਾਵਲ ਵਿੱਚ ਗਿਰੀਸ਼ ਦਾ ਪਾਤਰ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਨੂੰ ਸਿਰਫ਼ ਪਾਠਨ-ਪਠਨ ਦੀ ਪ੍ਰਕਿਰਿਆ ਨਹੀਂ ਮੰਨਦਾ, ਬਲਕਿ ਉਸ ਨੂੰ ਆਤਮ-ਸਾਧਨਾ ਅਤੇ ਅਨੁਸ਼ਾਸਨ ਦੀ ਗੰਭੀਰ ਯਾਤਰਾ ਵਜੋਂ ਵੇਖਦਾ ਹੈ। ਉਸ ਦੇ ਵਿਚਾਰ ਅਨੁਸਾਰ, ਜਿਹੜਾ ਵਿਅਕਤੀ ਉੱਚ ਪ੍ਰਸ਼ਾਸਨਿਕ ਸੇਵਾ ਵਰਗੀ ਮੰਜ਼ਿਲ ਹਾਸਲ ਕਰਨਾ ਚਾਹੁੰਦਾ ਹੈ, ਉਸ ਨੂੰ ਕੁਝ ਸਮੇਂ ਲਈ ਆਪਣੇ ਨਿੱਜੀ ਸੁਖ-ਸੁਵਿਧਾਵਾਂ, ਮਨੋਰੰਜਨ ਅਤੇ ਸਮਾਜਿਕ ਘੇਰੇ ਤੋਂ ਦੂਰ ਰਹਿਣਾ ਪੈਂਦਾ ਹੈ। ਇਹ ਤਿਆਗ ਉਸ ਦੇ ਮੁਤਾਬਕ 'ਸੰਨਿਆਸੀ' ਵਰਗੇ ਜੀਵਨ ਦੀ ਮੰਗ ਕਰਦਾ ਹੈ, ਜਿੱਥੇ ਇੰਦਰੀਆਂ ਅਤੇ ਇੱਛਾਵਾਂ 'ਤੇ ਕਾਬੂ ਹੋਵੇ ਅਤੇ ਮਨ ਸਿਰਫ਼ ਇੱਕੋ ਲਕਸ਼ 'ਤੇ ਕੇਂਦਰਿਤ ਰਹੇ। ਨਾਵਲ ਵਿੱਚ ਇਸ ਤਪੱਸਿਆ ਦਾ ਵਰਣਨ ਕਰਦਿਆਂ ਕਿਹਾ ਗਿਆ ਹੈ ਕਿ ਕਿਤਾਬਾਂ ਨੂੰ ਕੇਵਲ ਗਿਆਨ ਲਈ ਨਹੀਂ, ਬਲਕਿ ਪ੍ਰੀਖਿਆ ਪਾਸ ਕਰਨ ਦੀ ਰਣਨੀਤੀ ਵਜੋਂ ਪੜ੍ਹਨਾ ਚਾਹੀਦਾ ਹੈ। ਗਿਰੀਸ਼ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ:

> *"ਇਹ ਧਿਆਨ ਰੱਖੋ ਕਿ ਆਈ.ਏ.ਐੱਸ. ਅਸਮਾਨ ਤੋਂ ਨਹੀਂ ਡਿੱਗਦੇ, ਉਹ ਤੁਹਾਡੇ ਅਤੇ ਮੇਰੇ ਵਿਚੋਂ ਹੀ ਹੁੰਦੇ ਹਨ, ਪਰ ਇਹ ਲੋਕ ਜਿਸ ਮੰਜ਼ਿਲ ਵੱਲ ਜਾਣਾ ਹੁੰਦਾ ਹੈ, ਉਸੇ ਮੰਜ਼ਿਲ ਵਾਲੀ ਰੇਲ ਦੇ ਡੱਬੇ ਵਿੱਚ ਸਫ਼ਰ ਕਰਦੇ ਹਨ, ਇਹ ਲੋਕ ਧੁਨ ਦੇ ਬਹੁਤ ਪੱਕੇ ਹੁੰਦੇ ਹਨ...।"*[3]

ਸਫਲਤਾ ਸਿਰਫ਼ ਬੁੱਧੀਮਾਨੀ ਨਾਲ ਨਹੀਂ ਮਿਲਦੀ; ਇਸ ਲਈ ਧੀਰਜ, ਤਜਰਬਾ, ਅਨੁਸ਼ਾਸਨ ਅਤੇ ਅਟੱਲ ਉਮੀਦ ਦਾ ਮਿਲਾਪ ਲਾਜ਼ਮੀ ਹੈ। ਪ੍ਰਤਿਭਾਗੀ ਦੀ ਜੀਵਨ-ਸ਼ੈਲੀ ਵਿੱਚ ਅਨੁਸ਼ਾਸਨ ਨੂੰ ਗਿਰੀਸ਼ ਸਭ ਤੋਂ ਉੱਚਾ ਸਥਾਨ ਦਿੰਦਾ ਹੈ। ਉਸ ਦੇ ਅਨੁਸਾਰ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਸਿਰਫ਼ ਪਾਠਕ੍ਰਮ ਦੀ ਪੜ੍ਹਾਈ ਨਹੀਂ, ਸਗੋਂ ਪੂਰੇ ਜੀਵਨ-ਧਾਰੇ ਨੂੰ ਬਦਲਣ ਦੀ ਪ੍ਰਕਿਰਿਆ ਹੈ। ਇਹ ਇੱਕ ਅਜਿਹਾ ਦੌਰ ਹੈ ਜਿੱਥੇ ਵਿਅਕਤੀ ਨੂੰ ਆਪਣੀਆਂ ਆਦਤਾਂ, ਰੁਟੀਨ ਅਤੇ ਸੋਚਣ ਦੇ ਢੰਗ ਨੂੰ ਲਕਸ਼-ਕੇਂਦਰਿਤ ਬਣਾਉਣਾ ਪੈਂਦਾ ਹੈ। ਤਿਆਰੀ ਦੇ ਸਮੇਂ ਮਨੋਵਿਗਿਆਨਕ ਸੰਤੁਲਨ ਅਤੇ ਅੰਦਰੂਨੀ ਤਾਕਤ ਬਹੁਤ ਜ਼ਰੂਰੀ ਹੁੰਦੇ ਹਨ, ਕਿਉਂਕਿ ਲੰਬੇ ਸੰਘਰਸ਼ ਵਿੱਚ ਥਕਾਵਟ ਅਤੇ ਨਿਰਾਸ਼ਾ ਆਉਣਾ ਸੁਭਾਵਿਕ ਹੈ। ਅਸਲ ਵਿੱਚ ਇਹ ਮਾਨਸਿਕ ਕੇਂਦਰਿਤਤਾ ਦਾ ਨਾਮ ਹੈ, ਜਿੱਥੇ ਉਮੀਦਵਾਰ ਨੂੰ ਆਪਣੇ ਧਿਆਨ ਨੂੰ ਭਟਕਾਉਣ ਵਾਲੀਆਂ ਲਤਾਂ- ਖ਼ਾਸ ਕਰਕੇ ਸਮਾਰਟ ਫ਼ੋਨ ਅਤੇ ਸੋਸ਼ਲ ਮੀਡੀਆ ਦੀ ਅਤਿ-ਵਰਤੋਂ- ਤੋਂ ਦੂਰ ਰਹਿਣਾ ਲਾਜ਼ਮੀ ਹੈ। ਗਿਰੀਸ਼ ਦੇ ਅਨੁਸਾਰ ਇਹ ਛੋਟੀਆਂ-ਛੋਟੀਆਂ ਲਾਪਰਵਾਹੀਆਂ ਵੱਡੇ ਲਕਸ਼ ਵਿੱਚ ਰੁਕਾਵਟ ਬਣ ਸਕਦੀਆਂ ਹਨ। ਇਸ ਲਈ ਉਹ ਸਖ਼ਤ ਦਿਨ ਚਰਿਆ, ਨਿਯਮਿਤ ਅਭਿਆਸ ਅਤੇ ਸਮੇਂ ਦੇ ਸੁਚੱਜੇ ਪ੍ਰਬੰਧ 'ਤੇ ਜ਼ੋਰ ਦਿੰਦਾ ਹੈ। ਨਾਵਲ ਵਿੱਚ 'ਕਿਲ੍ਹੇ' ਦੀ ਉਪਮਾ ਉਸ ਮੁਸ਼ਕਲ ਮੰਜ਼ਿਲ ਲਈ ਵਰਤੀ ਗਈ ਹੈ, ਜਿਸ ਨੂੰ ਫ਼ਤਹਿ ਕਰਨ ਲਈ ਲੰਬੇ ਸਮੇਂ ਤੱਕ ਇਕਾਗਰ ਹੋ ਕੇ ਮਿਹਨਤ ਕਰਨੀ ਪੈਂਦੀ ਹੈ। ਕੁਰਸੀ 'ਤੇ ਘੰਟਿਆਂ ਬੱਧੀ ਬੈਠ ਕੇ ਪੜ੍ਹਨਾ, ਹਰ ਰੋਜ਼ ਕੁਝ ਨਵਾਂ ਸਿੱਖਣਾ ਅਤੇ ਆਪਣੇ ਗਿਆਨ ਨੂੰ ਲਗਾਤਾਰ ਨਿਖਾਰਨਾ ਹੀ ਉਸ ਕਿਲ੍ਹੇ ਨੂੰ ਜਿੱਤਣ ਦਾ ਇੱਕੋ-ਇੱਕ ਰਸਤਾ ਦੱਸਿਆ ਗਿਆ ਹੈ। ਗਿਰੀਸ਼ ਸਫਲਤਾ ਦਾ ਗੁਰੂ-ਮੰਤਰ ਦਿੰਦੇ ਹੋਏ ਕਹਿੰਦਾ ਹੈ-

> *"ਮੇਰਾ ਇਹ ਮੰਨਣਾ ਹੈ ਕਿ ਜੇਕਰ ਤੁਸੀਂ ਸਿਵਲ ਸੇਵਾ ਵਿੱਚ ਸਫਲਤਾ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਧੀਰਜ ਨੂੰ ਆਪਣਾ ਕਰੀਬੀ ਮਿੱਤਰ, ਅਨੁਭਵ ਨੂੰ ਆਪਣਾ ਸਲਾਹਕਾਰ, ਅਨੁਸ਼ਾਸਨ ਨੂੰ ਵੱਡਾ ਭਰਾ ਅਤੇ ਉਮੀਦ ਨੂੰ ਆਪਣੀ ਗਰਲ-ਫਰੈਂਡ ਬਣਾ ਲਓ। ਇੱਕ ਗੱਲ ਹੋਰ! ਪੜ੍ਹਾਈ ਅਤੇ ਚਿੰਤਨ-ਮਨਨ ਨੂੰ ਆਪਣਾ ਮਾਂ-ਪਿਓ ਬਣਾ ਲਓ, ਤਾਂ ਜੋ ਸਫਲਤਾ ਪ੍ਰਾਪਤ ਕਰਨ ਵਿੱਚ ਜ਼ਿਆਦਾ ਸਹੂਲੀਅਤ ਹੋ ਸਕੇ। ਚੰਗੀਆਂ ਆਦਤਾਂ ਵਾਲੇ ਦੇਵਤੇ ਬਣ ਜਾਓ, ਹਰ ਰੋਜ਼ 8-10 ਘੰਟੇ ਗੁਣਵੱਤਾ ਪੂਰਨ ਪੜ੍ਹਾਈ ਜ਼ਰੂਰ ਕਰੋ ਅਤੇ ਬਾਕੀ ਉੱਪਰ ਵਾਲੇ ਦੇ ਜ਼ਿੰਮੇ ਛੱਡ ਦਿਓ।"*[4]

## 2. ਪ੍ਰੇਮ ਅਤੇ ਅਭਿਲਾਸ਼ਾ ਦਾ ਸੁਮੇਲ ਤੇ ਟਕਰਾਅ

ਨਾਵਲ ਦੇ ਪਲਾਟ ਵਿੱਚ ਪ੍ਰੇਮ ਅਤੇ ਕੈਰੀਅਰ ਦੇ ਗੁੰਝਲਦਾਰ ਰਿਸ਼ਤੇ ਨੂੰ ਗਿਰੀਸ਼ ਅਤੇ ਐਂਜਲ ਦੇ ਮਾਧਿਅਮ ਰਾਹੀਂ ਬਹੁਤ ਹੀ ਮਨੋਵਿਗਿਆਨਕ ਪੱਧਰ 'ਤੇ ਚਿਤਰਿਆ ਗਿਆ ਹੈ। ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਅਭਿਲਾਸ਼ੀ ਜੀਵਨ ਵਿੱਚ ਪ੍ਰੇਮ ਇੱਕ ਰੁਕਾਵਟ ਹੈ, ਪਰ ਇਹ ਨਾਵਲ ਇਸ ਧਾਰਨਾ ਨੂੰ ਵੱਖਰੇ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਇੱਥੇ ਪ੍ਰੇਮ ਕੇਵਲ ਜਜ਼ਬਾਤੀ ਖਿੱਚ ਨਹੀਂ, ਸਗੋਂ ਦੋ ਬੌਧਿਕ ਸ਼ਖ਼ਸੀਅਤਾਂ ਦਾ ਮਿਲਣ ਹੈ। ਪ੍ਰੇਮ ਅਤੇ ਅਭਿਲਾਸ਼ਾ ਦਾ ਇਹ ਦਵੰਦ ਨਾਵਲ ਦੇ ਕਥਾਨਕ ਨੂੰ ਗਤੀ ਪ੍ਰਦਾਨ ਕਰਦਾ ਹੈ, ਜਿੱਥੇ ਪਾਤਰ ਆਪਣੇ ਨਿੱਜੀ ਸੁਪਨਿਆਂ ਅਤੇ ਸਾਂਝੇ ਭਵਿੱਖ ਵਿਚਕਾਰ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕਰਦੇ ਹਨ।

### 2.1 ਵਰਚੂਅਲ ਤੋਂ ਅਸਲੀਅਤ ਤੱਕ

ਆਧੁਨਿਕ ਯੁੱਗ ਵਿੱਚ ਤਕਨਾਲੋਜੀ ਨੇ ਮਨੁੱਖੀ ਰਿਸ਼ਤਿਆਂ ਦੇ ਰੂਪ-ਰੇਖਾ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ ਹੈ। ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫ਼ਾਰਮਾਂ ਨੇ ਜਾਣ-ਪਛਾਣ ਦੇ ਨਵੇਂ ਦਰਵਾਜ਼ੇ ਖੋਲ੍ਹੇ ਹਨ, ਜਿੱਥੇ ਮੁਲਾਕਾਤ ਸਿਰਫ਼ ਸਰੀਰਕ ਹਾਜ਼ਰੀ ਤੱਕ ਸੀਮਿਤ ਨਹੀਂ। ਗਿਰੀਸ਼ ਅਤੇ ਐਂਜਲ ਦਾ ਰਿਸ਼ਤਾ ਕਿਸੇ ਰਵਾਇਤੀ ਮੁਲਾਕਾਤ ਨਾਲ ਨਹੀਂ, ਸਗੋਂ ਵਿਚਾਰਾਂ ਦੀ ਸਾਂਝ ਨਾਲ ਸ਼ੁਰੂ ਹੁੰਦਾ ਹੈ। ਇਹ ਸ਼ੁਰੂਆਤ ਬੌਧਿਕ ਆਕਰਸ਼ਣ 'ਤੇ ਆਧਾਰਿਤ ਹੈ, ਜੋ ਇਸ ਰਿਸ਼ਤੇ ਨੂੰ ਵਿਸ਼ੇਸ਼ ਬਣਾਉਂਦੀ ਹੈ। ਨਾਵਲ ਵਿੱਚ ਜ਼ਿਕਰ ਹੈ ਕਿ ਐਂਜਲ, ਗਿਰੀਸ਼ ਦੁਆਰਾ ਲਿਖੇ ਇੱਕ ਬੌਧਿਕ ਲੇਖ ਤੋਂ ਪ੍ਰਭਾਵਿਤ ਹੋ ਕੇ ਉਸ ਨਾਲ ਸੰਪਰਕ ਕਰਦੀ ਹੈ। ਕਿਉਂਕਿ ਉਸ ਲੇਖ ਦੀ ਗਹਿਰਾਈ ਅਤੇ ਸੰਵੇਦਨਸ਼ੀਲਤਾ ਉਸ ਦੇ ਮਨ ਨੂੰ ਛੂਹ ਲੈਂਦੀ ਹੈ। ਇਸ ਤਰ੍ਹਾਂ ਅਜੋਕੇ ਪੜ੍ਹੇ-ਲਿਖੇ ਵਰਗ ਵਿੱਚ ਪ੍ਰੇਮ ਦਾ ਆਧਾਰ ਸਰੀਰਕ ਸੁੰਦਰਤਾ ਦੀ ਬਜਾਏ 'ਮਾਨਸਿਕ ਅਤੇ ਵਿਚਾਰਧਾਰਕ ਸਾਂਝ' ਬਣ ਰਿਹਾ ਹੈ। ਜਦੋਂ ਉਹ ਫੇਸਬੁੱਕ ਰਾਹੀਂ ਗੱਲਬਾਤ ਸ਼ੁਰੂ ਕਰਦੇ ਹਨ, ਜੋ ਆਧੁਨਿਕ ਸੰਚਾਰ ਦਾ ਪ੍ਰਮੁੱਖ ਮਾਧਿਅਮ ਹੈ। ਪਰ ਇਹ ਸੰਵਾਦ ਸਿਰਫ਼ ਰੁਮਾਂਟਿਕ ਸੰਕੇਤਾਂ ਜਾਂ ਹਲਕੀਆਂ-ਫੁਲਕੀਆਂ ਗੱਲਾਂ ਤੱਕ ਸੀਮਿਤ ਨਹੀਂ ਰਹਿੰਦਾ। ਇਸ ਵਿੱਚ ਕਿਤਾਬਾਂ, ਦਰਸ਼ਨ, ਸਮਾਜਿਕ ਮੁੱਦਿਆਂ ਅਤੇ ਪ੍ਰਤੀਯੋਗੀ ਜੀਵਨ ਦੀਆਂ ਚੁਣੌਤੀਆਂ 'ਤੇ ਗੰਭੀਰ ਚਰਚਾ ਹੁੰਦੀ ਹੈ। ਇਸ ਤਰ੍ਹਾਂ ਇਹ ਰਿਸ਼ਤਾ ਸਰੀਰਕ ਆਕਰਸ਼ਣ ਦੀ ਬਜਾਏ ਬੌਧਿਕ ਸਮਰਸਤਾ 'ਤੇ ਨਿਰਭਰ ਰਹਿੰਦਾ ਹੈ। 'ਵਰਚੂਅਲ' ਸੰਪਰਕ ਹੌਲੀ-ਹੌਲੀ ਅਸਲੀਅਤ ਦਾ ਰੂਪ ਧਾਰ ਲੈਂਦਾ

ਹੈ। ਦੋਵੇਂ ਇਕ-ਦੂਜੇ ਲਈ ਮਾਨਸਿਕ ਸਹਾਰਾ ਬਣ ਜਾਂਦੇ ਹਨ- ਖ਼ਾਸ ਕਰਕੇ ਪ੍ਰਤੀਯੋਗੀ ਯਾਤਰਾ ਦੇ ਤਣਾਅ ਭਰੇ ਪਲਾਂ ਵਿੱਚ। ਇਸ ਦੌਰਾਨ ਉਨ੍ਹਾਂ ਦਾ ਰਿਸ਼ਤਾ ਕੇਵਲ ਪ੍ਰੇਮ ਤੱਕ ਸੀਮਿਤ ਨਹੀਂ ਰਹਿੰਦਾ, ਸਗੋਂ ਸਾਂਝੇ ਸੁਪਨਿਆਂ, ਆਦਰਸ਼ਾਂ ਅਤੇ ਸੰਵੇਦਨਾਵਾਂ ਦੀ ਮਜ਼ਬੂਤ ਡੋਰ ਵਿੱਚ ਬਦਲ ਜਾਂਦਾ ਹੈ। ਇਸ ਤਰ੍ਹਾਂ ਪ੍ਰਤੀਯੋਗੀ ਯੁੱਗ ਵਿੱਚ ਬੌਧਿਕਤਾ ਪ੍ਰੇਮ ਦੇ ਰਿਸ਼ਤੇ ਨੂੰ ਹੋਰ ਗੂੜ੍ਹਾ, ਪਰਿਪੱਕ ਅਤੇ ਅਰਥਪੂਰਨ ਬਣਾਉਂਦੀ ਹੈ।

### 2.2 ਪ੍ਰੇਰਣਾ ਵਜੋਂ ਪ੍ਰੇਮ

ਨਾਵਲ ਦੀ ਸਭ ਤੋਂ ਮਹੱਤਵਪੂਰਨ ਖ਼ੂਬਸੂਰਤੀ ਇਹ ਹੈ ਕਿ ਇਹ ਪ੍ਰੇਮ ਨੂੰ ਕੈਰੀਅਰ ਦੀ ਰਾਹ ਵਿੱਚ ਆਉਣ ਵਾਲੀ ਰੁਕਾਵਟ ਵਜੋਂ ਨਹੀਂ, ਸਗੋਂ ਉੱਚੀਆਂ ਮੰਜ਼ਿਲਾਂ ਤੱਕ ਪਹੁੰਚਣ ਲਈ ਇੱਕ ਸ਼ਕਤੀਸ਼ਾਲੀ ਪ੍ਰੇਰਕ ਤੱਤ ਵਜੋਂ ਪੇਸ਼ ਕਰਦਾ ਹੈ। ਆਮ ਤੌਰ 'ਤੇ ਪ੍ਰਤੀਯੋਗੀ ਯੁੱਗ ਵਿੱਚ ਪ੍ਰੇਮ ਨੂੰ ਧਿਆਨ ਭੰਗ ਕਰਨ ਵਾਲੀ ਭਾਵਨਾ ਸਮਝਿਆ ਜਾਂਦਾ ਹੈ, ਪਰ ਇਸ ਨਾਵਲ ਵਿੱਚ ਇਹ ਧਾਰਨਾ ਟੁੱਟਦੀ ਹੈ। ਇੱਥੇ ਪ੍ਰੇਮ ਵਿਅਕਤੀ ਦੀ ਅਭਿਲਾਸ਼ਾ ਨੂੰ ਕਮਜ਼ੋਰ ਨਹੀਂ ਕਰਦਾ, ਬਲਕਿ ਉਸ ਨੂੰ ਹੋਰ ਮਜ਼ਬੂਤ ਬਣਾਉਂਦਾ ਹੈ। ਗਿਰੀਸ਼, ਐਂਜਲ ਲਈ ਕੇਵਲ ਪ੍ਰੇਮੀ ਨਹੀਂ ਰਹਿੰਦਾ; ਉਹ ਉਸ ਦਾ 'ਮੈਂਟਰ', 'ਗਾਈਡ' ਅਤੇ ਮਨੋਵਿਗਿਆਨਕ ਸਹਾਰਾ ਬਣ ਜਾਂਦਾ ਹੈ। ਜਦੋਂ ਐਂਜਲ ਅਸਫਲਤਾਵਾਂ ਕਾਰਨ ਅੰਦਰੋਂ ਟੁੱਟ ਜਾਂਦੀ ਹੈ ਅਤੇ ਆਪਣੇ ਆਪ 'ਤੇ ਸ਼ੱਕ ਕਰਨ ਲੱਗ ਪੈਂਦੀ ਹੈ, ਤਦ ਗਿਰੀਸ਼ ਉਸ ਦੇ ਅੰਦਰ ਦੀ ਸੰਭਾਵਨਾ ਨੂੰ ਪਛਾਣਦਾ ਹੈ। ਗਿਰੀਸ਼ ਕਹਿੰਦਾ ਹੈ:

*"ਜੇਕਰ ਜ਼ਿੰਦਗੀ ਵਿੱਚ ਸਫਲ ਹੋਣਾ ਹੈ ਤਾਂ ਸੁਪਨੇ ਦੇਖੋ, ਪਰ ਸਿਰਫ਼ ਸੁਪਨੇ ਦੇਖਣਾ ਹੀ ਕਾਫ਼ੀ ਨਹੀਂ ਹੈ, ਇਸ ਨੂੰ ਪੂਰਾ ਕਰਨ ਲਈ ਤੁਹਾਡੇ ਅੰਦਰ ਇੱਕ ਤੀਬਰ ਇੱਛਾ ਅਤੇ ਅਥਾਹ ਉਤਸ਼ਾਹ ਹੋਣਾ ਵੀ ਜ਼ਰੂਰੀ ਹੈ।"*[5]

ਗਿਰੀਸ਼ ਐਂਜਲ ਦੀ ਪੜ੍ਹਾਈ ਨੂੰ ਸਿਰਫ਼ ਭਾਵਨਾਤਮਕ ਸਹਾਰੇ ਤੱਕ ਸੀਮਿਤ ਨਹੀਂ ਰੱਖਦਾ। ਉਹ ਉਸ ਦੀ ਤਿਆਰੀ ਲਈ ਵਿਵਸਥਿਤ ਰਣਨੀਤੀ ਬਣਾਉਂਦਾ ਹੈ- ਸਿਲੇਬਸ ਦੀ ਯੋਜਨਾ, ਸਮੇਂ ਦਾ ਪ੍ਰਬੰਧ, ਦੁਹਰਾਈ ਦੀ ਪ੍ਰਕਿਰਿਆ ਅਤੇ ਮਨੋਵਿਗਿਆਨਕ ਸੰਤੁਲਨ ਦੀ ਸੰਭਾਲ। ਇਸ ਤਰ੍ਹਾਂ ਉਹ ਉਸ ਦੀ ਯਾਤਰਾ ਵਿੱਚ ਸਾਥੀ ਹੀ ਨਹੀਂ, ਸਹਿ-ਯਾਤਰੀ ਬਣ ਜਾਂਦਾ ਹੈ। ਜਦੋਂ ਐਂਜਲ ਨਿਰਾਸ਼ ਹੁੰਦੀ ਹੈ, ਉਹ ਉਸ ਨੂੰ ਯਾਦ ਦਿਵਾਂਦਾ ਹੈ ਕਿ ਅਸਫਲਤਾ ਅੰਤ ਨਹੀਂ, ਸਗੋਂ ਸਿਖਲਾਈ ਦਾ ਪੜਾਅ ਹੈ। ਨਾਵਲ ਵਿੱਚ ਐਂਜਲ ਦੀ ਸਫਲਤਾ ਦੇ ਪਿੱਛੇ ਗਿਰੀਸ਼ ਦੀ ਨਿਰੰਤਰ ਪ੍ਰੇਰਣਾ ਇੱਕ ਮਹੱਤਵਪੂਰਨ ਕਾਰਕ ਹੈ। ਇੱਥੇ ਪ੍ਰੇਮ ਸਿਰਫ਼ ਭਾਵਨਾਤਮਕ ਲਗਾਵ ਨਹੀਂ, ਸਗੋਂ ਇੱਕ ਅਜਿਹੀ ਰਚਨਾਤਮਿਕ ਊਰਜਾ ਹੈ ਜੋ ਅਭਿਲਾਸ਼ਾਵਾਂ ਨੂੰ ਖੰਭ ਲਗਾਉਂਦੀ ਹੈ। ਇਹ ਪ੍ਰੇਮ ਉਸ ਦੀ ਲਗਨ ਨੂੰ ਮਜ਼ਬੂਤ ਕਰਦਾ ਹੈ, ਉਸ ਦੇ ਮਨ ਵਿੱਚ ਨਵੀਂ ਉਮੀਦ ਜਗਾਉਂਦਾ ਹੈ ਅਤੇ ਉਸ ਨੂੰ ਹਰੇਕ ਸੰਘਰਸ਼ ਨਾਲ ਲੜਨ ਦੀ ਤਾਕਤ ਦਿੰਦਾ ਹੈ। ਇਸ ਤਰ੍ਹਾਂ ਨਾਵਲ ਸਪਸ਼ਟ ਕਰਦਾ ਹੈ ਕਿ ਜਦੋਂ ਪ੍ਰੇਮ ਵਿੱਚ ਸਵਾਰਥ ਦੀ ਥਾਂ ਸਹਿਯੋਗ ਅਤੇ ਪ੍ਰੇਰਣਾ ਹੋਵੇ, ਤਾਂ ਉਹ ਜੀਵਨ ਦੀ ਸਭ ਤੋਂ ਵੱਡੀ ਉਪਲਬਧੀ ਬਣ ਸਕਦਾ ਹੈ। ਇੱਥੇ ਪ੍ਰੇਮ ਅਤੇ ਕੈਰੀਅਰ ਇਕ-ਦੂਜੇ ਦੇ ਵਿਰੁੱਧ ਨਹੀਂ, ਸਗੋਂ ਇਕ-ਦੂਜੇ ਦੇ ਪੂਰਕ ਤੱਤ ਬਣ ਕੇ ਸਾਹਮਣੇ ਆਉਂਦੇ ਹਨ।

### 2.3 ਕ੍ਰਸ਼ ਬਨਾਮ ਪੜ੍ਹਾਈ

ਨਾਵਲਕਾਰ ਨੇ ਪ੍ਰੇਮ ਅਤੇ ਪੜ੍ਹਾਈ ਦੇ ਅੰਦਰੂਨੀ ਟਕਰਾਅ ਨੂੰ 'ਕ੍ਰਸ਼ ਬਨਾਮ ਪੜ੍ਹਾਈ' ਦੇ ਸੰਕਲਪ ਰਾਹੀਂ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਇਹ ਸਿਰਫ਼ ਦੋ ਵਿਅਕਤੀਆਂ ਦੇ ਰਿਸ਼ਤੇ ਦੀ ਕਹਾਣੀ ਨਹੀਂ, ਸਗੋਂ ਅਜੋਕੇ ਨੌਜਵਾਨ ਮਨ ਦੀ ਉਸ ਦੁਬਿਧਾ ਦਾ ਚਿਤਰਨ ਹੈ, ਜਿੱਥੇ ਦਿਲ ਅਤੇ ਦਿਮਾਗ਼ ਅਕਸਰ ਵੱਖ-ਵੱਖ ਦਿਸ਼ਾਵਾਂ ਵਿੱਚ ਖਿੱਚਦੇ ਹਨ। ਇੱਕ ਪਾਸੇ ਜਵਾਨੀ ਦੀ ਕੁਦਰਤੀ ਭਾਵਨਾ ਹੈ- ਕਿਸੇ ਵੱਲ ਖਿੱਚ, ਗੱਲਬਾਤ ਦੀ ਉਤਸੁਕਤਾ, ਮੈਸੇਜ ਦੀ ਉਡੀਕ- ਅਤੇ ਦੂਜੇ ਪਾਸੇ ਕਿਤਾਬਾਂ ਦਾ ਉਹ ਦਬਾਅ ਹੈ ਜੋ ਭਵਿੱਖ ਗੜ੍ਹਣ ਲਈ ਲਾਜ਼ਮੀ ਮੰਨਿਆ ਜਾਂਦਾ ਹੈ। ਇਹ ਦਵੰਦ ਖ਼ਾਸ ਕਰਕੇ ਉਦੋਂ ਉੱਭਰਦਾ ਹੈ ਜਦੋਂ ਪਾਤਰ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਕੀਮਤੀ ਸਮਾਂ ਪੜ੍ਹਾਈ ਦੀ ਬਜਾਏ ਲੰਬੀਆਂ ਗੱਲਬਾਤਾਂ ਵਿੱਚ ਬੀਤ ਰਿਹਾ ਹੈ।

ਇਹ ਨਾਵਲ ਅਜੋਕੇ ਨੌਜਵਾਨ ਦੇ ਅੰਦਰੂਨੀ ਸੰਘਰਸ਼ ਦਾ ਸਹੀ ਮਨੋਵਿਗਿਆਨਕ ਚਿੱਤਰ ਹੈ, ਜਿੱਥੇ ਧਿਆਨ ਦੀ ਭੰਗਤਾ ਅਤੇ ਭਾਵਨਾਤਮਕ ਖਿੱਚ ਪੜ੍ਹਾਈ ਦੀ ਇਕਾਗਰਤਾ ਨੂੰ ਚੁਣੌਤੀ ਦਿੰਦੇ ਹਨ। ਦਿਲ ਅਤੇ ਦਿਮਾਗ਼ ਵਿਚਕਾਰ ਇਹ ਟਕਰਾਅ ਜਵਾਨ ਮਨ ਦੀ ਕੁਦਰਤੀ ਸਥਿਤੀ ਹੈ, ਪਰ ਇਸ ਨੂੰ ਸਹੀ ਦਿਸ਼ਾ ਦੇਣਾ ਲਾਜ਼ਮੀ ਬਣ ਜਾਂਦਾ ਹੈ। ਲੇਖਕ ਨੇ ਇੱਥੇ ਕੋਈ ਪੱਖਪਾਤੀ ਦ੍ਰਿਸ਼ਟੀਕੋਣ ਨਹੀਂ ਅਪਣਾਇਆ। ਉਹ ਪ੍ਰੇਮ ਨੂੰ ਨਕਾਰਦਾ ਨਹੀਂ, ਸਗੋਂ ਉਸ ਦੀ ਅਹਿਮੀਅਤ ਨੂੰ ਸਵੀਕਾਰ ਕਰਦਾ ਹੈ। ਹਾਲਾਂਕਿ ਉਹ ਇਹ ਵੀ ਸਪਸ਼ਟ ਕਰਦਾ ਹੈ ਕਿ ਜੇ ਭਾਵਨਾਵਾਂ 'ਤੇ ਸੰਜਮ ਨਾ ਰੱਖਿਆ ਜਾਵੇ, ਤਾਂ ਉਹ ਕੈਰੀਅਰ ਦੀ ਦਿਸ਼ਾ ਨੂੰ ਭਟਕਾ ਸਕਦੀਆਂ ਹਨ। ਅਸੰਜਮਿਤ ਭਾਵਨਾਵਾਂ ਕਈ ਵਾਰ ਸਮੇਂ ਦੀ ਬਰਬਾਦੀ ਅਤੇ ਮਨੋਵਿਗਿਆਨਕ ਅਸਥਿਰਤਾ ਦਾ ਕਾਰਨ ਬਣਦੀਆਂ ਹਨ। ਇਸ ਲਈ ਪ੍ਰੇਮ ਦੀ ਮੌਜੂਦਗੀ ਦੇ ਨਾਲ ਅਨੁਸ਼ਾਸਨ ਦੀ ਲੋੜ ਹੋਰ ਵੀ ਵੱਧ ਜਾਂਦੀ ਹੈ। ਨਾਵਲ ਵਿੱਚ ਗਿਰੀਸ਼ ਇਸ ਦਵੰਦ ਨੂੰ ਸਮਝਦਿਆਂ ਐਂਜਲ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਅਭਿਲਾਸ਼ਾ ਦੀ ਪੂਰਤੀ ਲਈ ਭਾਵਨਾਵਾਂ ਨੂੰ ਦਬਾਉਣਾ ਨਹੀਂ, ਸਗੋਂ ਅਨੁਸ਼ਾਸਿਤ ਕਰਨਾ ਜ਼ਰੂਰੀ ਹੈ। ਉਹ ਪ੍ਰੇਮ ਨੂੰ ਪ੍ਰੇਰਣਾ ਬਣਾਉਣ ਦੀ ਸਲਾਹ ਦਿੰਦਾ ਹੈ, ਨਾ ਕਿ ਧਿਆਨ-ਭੰਗ ਦਾ ਸਾਧਨ। ਉਸ ਦੇ ਅਨੁਸਾਰ, ਜੇ ਦੋਵੇਂ ਵਿਅਕਤੀ ਇੱਕ-ਦੂਜੇ ਦੇ ਸੁਪਨਿਆਂ ਦਾ ਆਦਰ ਕਰਨ ਅਤੇ ਇਕ-ਦੂਜੇ ਦੇ ਲਕਸ਼ਾਂ ਨੂੰ ਸਮਝਣ, ਤਾਂ ਪ੍ਰੇਮ ਅਤੇ ਪੜ੍ਹਾਈ ਵਿੱਚ ਟਕਰਾਅ ਦੀ ਥਾਂ ਸਹਿਯੋਗ ਪੈਦਾ ਹੋ ਸਕਦਾ ਹੈ। ਲੇਖਕ ਸਪਸ਼ਟ ਕਰਦਾ ਹੈ ਕਿ ਜੇਕਰ ਭਾਵਨਾਵਾਂ 'ਤੇ ਕਾਬੂ ਨਾ ਰੱਖਿਆ ਜਾਵੇ, ਤਾਂ ਪ੍ਰੇਮ ਕੈਰੀਅਰ ਲਈ ਘਾਤਕ ਵੀ ਸਾਬਤ ਹੋ ਸਕਦਾ ਹੈ। ਇਸ ਲਈ ਗਿਰੀਸ਼ ਵਾਰ-ਵਾਰ ਇਹ ਸੰਦੇਸ਼ ਦਿੰਦਾ ਹੈ ਕਿ ਉੱਚੀ ਅਭਿਲਾਸ਼ਾ ਹਾਸਲ ਕਰਨ ਲਈ ਭਾਵਨਾਵਾਂ ਨੂੰ ਅਨੁਸ਼ਾਸਨ ਦੇ ਘੇਰੇ ਵਿੱਚ ਰੱਖਣਾ ਲਾਜ਼ਮੀ ਹੈ। ਕ੍ਰਸ਼ (ਭਾਵਨਾਤਮਕ ਖਿੱਚ) ਅਤੇ ਗੰਭੀਰ ਪੜ੍ਹਾਈ ਵਿਚਕਾਰ ਸੰਤੁਲਨ ਬਣਾਉਣਾ ਹੀ ਅੱਜ ਦੇ ਮੁਕਾਬਲੇਬਾਜ਼ੀ ਵਾਲੇ ਦੌਰ ਦੀ ਸਭ ਤੋਂ ਵੱਡੀ ਕਲਾ ਹੈ। ਜਦੋਂ ਭਾਵਨਾ ਅਤੇ ਬੁੱਧੀ ਵਿਚਕਾਰ ਸਮਰਸਤਾ ਬਣਦੀ ਹੈ, ਤਦ ਹੀ ਵਿਅਕਤੀ ਆਪਣੀ ਮੰਜ਼ਿਲ ਵੱਲ ਦ੍ਰਿੜ੍ਹਤਾ ਨਾਲ ਅੱਗੇ ਵੱਧ ਸਕਦਾ ਹੈ।

## 3. ਸਫਲਤਾ, ਅਸਫਲਤਾ ਅਤੇ ਬਦਲਦੇ ਰਿਸ਼ਤੇ

ਨਾਵਲ ਵਿੱਚ ਸਭ ਤੋਂ ਗੰਭੀਰ ਅਤੇ ਸੰਵੇਦਨਸ਼ੀਲ ਪਹਿਲੂ ਉਹ ਮਨੋਸਥਿਤੀ ਹੈ ਜੋ ਸਫਲਤਾ ਤੋਂ ਬਾਅਦ ਜਨਮ ਲੈਂਦੀ ਹੈ- 'ਸਟੇਟਸ ਦਾ ਪਾੜਾ'। ਆਧੁਨਿਕ ਪ੍ਰਤੀਯੋਗੀ ਯੁੱਗ ਵਿੱਚ ਸਫਲਤਾ ਸਿਰਫ਼ ਨਿੱਜੀ ਉਪਲਬਧੀ ਨਹੀਂ ਰਹੀ; ਇਹ ਸਮਾਜਿਕ ਪਹਿਚਾਣ, ਮਰਯਾਦਾ ਅਤੇ ਰਿਸ਼ਤਿਆਂ ਦੇ ਮੁਲਾਂਕਣ ਦਾ ਮਾਪਦੰਡ ਬਣ

ਚੁੱਕੀ ਹੈ। ਜਦੋਂ ਇੱਕੋ ਸੁਪਨੇ ਦੇ ਸਾਥੀ ਦੋ ਵਿਅਕਤੀਆਂ ਵਿੱਚੋਂ ਇੱਕ ਆਪਣੀ ਮੰਜ਼ਿਲ ਤੱਕ ਪਹੁੰਚ ਜਾਂਦਾ ਹੈ ਅਤੇ ਦੂਜਾ ਅਜੇ ਵੀ ਸੰਘਰਸ਼ ਕਰ ਰਿਹਾ ਹੁੰਦਾ ਹੈ, ਤਦੋਂ ਉਨ੍ਹਾਂ ਦੇ ਰਿਸ਼ਤੇ ਦੀ ਅਸਲ ਕਸੌਟੀ ਸ਼ੁਰੂ ਹੁੰਦੀ ਹੈ। ਸਫਲਤਾ ਨਾਲ ਜੁੜੀ ਸਮਾਜਿਕ ਮਾਨਤਾ ਕਈ ਵਾਰ ਅੰਦਰੂਨੀ ਸਮਰਸਤਾ ਨੂੰ ਹਿਲਾ ਦੇਂਦੀ ਹੈ। ਨਾਵਲਕਾਰ ਨੇ ਇਸ ਮਨੋਵਿਗਿਆਨਕ ਹਕੀਕਤ ਨੂੰ ਬੜੀ ਬੇਬਾਕੀ ਨਾਲ ਦਰਸਾਇਆ ਹੈ ਕਿ ਕਿਵੇਂ ਸਫਲ ਵਿਅਕਤੀ ਦੇ ਆਲੇ-ਦੁਆਲੇ ਲੋਕਾਂ ਦਾ ਰਵੱਈਆ ਬਦਲ ਜਾਂਦਾ ਹੈ- ਸਮਾਨਤਾ ਦੀ ਥਾਂ ਦੂਰੀ ਪੈਦਾ ਹੋ ਜਾਂਦੀ ਹੈ। ਸਮਾਜਿਕ ਢਾਂਚਾ ਅਕਸਰ ਰਿਸ਼ਤਿਆਂ ਨੂੰ ਭਾਵਨਾਵਾਂ ਨਾਲ ਨਹੀਂ, ਅਹੁਦਿਆਂ ਦੀ ਤੱਕੜੀ ਵਿੱਚ ਤੋਲਦਾ ਹੈ। ਜਿਵੇਂ ਹੀ ਕੋਈ ਵਿਅਕਤੀ ਉੱਚ ਅਹੁਦੇ 'ਤੇ ਪਹੁੰਚਦਾ ਹੈ, ਉਸ ਦੀ ਪਹਿਚਾਣ ਇੱਕ ਨਵੇਂ 'ਸਟੇਟਸ' ਨਾਲ ਜੁੜ ਜਾਂਦੀ ਹੈ। ਇਸ ਸੰਦਰਭ ਵਿੱਚ ਅਹੁਦਾ ਵਿਅਕਤੀ ਦੀ ਮਨੁੱਖਤਾ ਤੋਂ ਵੱਡਾ ਬਣ ਕੇ ਸਾਹਮਣੇ ਆਉਂਦਾ ਹੈ। ਰਿਸ਼ਤਿਆਂ ਵਿੱਚ ਅਚਾਨਕ ਆਈ ਇਹ ਅਸਮਾਨਤਾ ਕਈ ਵਾਰ ਅਹੰਕਾਰ, ਹੀਣ-ਭਾਵਨਾ ਜਾਂ ਦੂਰੀ ਦਾ ਕਾਰਨ ਬਣਦੀ ਹੈ। ਨਾਵਲ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਸਫਲਤਾ ਦੀ ਚਮਕ ਅਕਸਰ ਪੁਰਾਣੀਆਂ ਸਾਂਝਾਂ ਨੂੰ ਓਹਲੇ ਕਰ ਦਿੰਦੀ ਹੈ। ਜੋ ਰਿਸ਼ਤੇ ਪਹਿਲਾਂ ਸਮਾਨ ਸੰਘਰਸ਼ ਅਤੇ ਸਾਂਝੇ ਸੁਪਨਿਆਂ 'ਤੇ ਆਧਾਰਿਤ ਸਨ, ਉਹ ਹੁਣ ਸਮਾਜਿਕ ਦਰਜੇ ਦੀ ਤੁਲਨਾ ਵਿੱਚ ਫਸ ਜਾਂਦੇ ਹਨ। ਇੱਥੇ ਨਾਵਲਕਾਰ ਇਹ ਪ੍ਰਸ਼ਨ ਖੜ੍ਹਾ ਕਰਦਾ ਹੈ ਕਿ 'ਕੀ ਸਫਲਤਾ ਰਿਸ਼ਤਿਆਂ ਨੂੰ ਮਜ਼ਬੂਤ ਕਰਦੀ ਹੈ' ਜਾਂ 'ਉਨ੍ਹਾਂ ਨੂੰ ਨਵੀਂ ਦੂਰੀ ਵਿੱਚ ਬਦਲ ਦਿੰਦੀ ਹੈ?' ਇਸ ਤਰ੍ਹਾਂ 'ਸਟੇਟਸ ਦਾ ਪਾੜਾ' ਸਿਰਫ਼ ਇੱਕ ਸਮਾਜਿਕ ਸਚਾਈ ਨਹੀਂ, ਸਗੋਂ ਮਨੁੱਖੀ ਸੰਵੇਦਨਾਵਾਂ ਦੀ ਕਸੌਟੀ ਵੀ ਹੈ। ਨਾਵਲ ਅਨੁਸਾਰ ਅਸਲ ਰਿਸ਼ਤੇ ਉਹੀ ਹਨ ਜੋ ਅਹੁਦੇ ਜਾਂ ਮਰਯਾਦਾ ਦੇ ਬਦਲਾਅ ਨਾਲ ਨਹੀਂ ਡਗਮਗਾਉਂਦੇ। ਸਫਲਤਾ ਜਿੱਥੇ ਇੱਕ ਵਿਅਕਤੀ ਨੂੰ ਉਚਾਈ ਦਿੰਦੀ ਹੈ, ਉੱਥੇ ਹੀ ਉਹ ਰਿਸ਼ਤਿਆਂ ਦੀ ਗਹਿਰਾਈ ਦੀ ਵੀ ਪਰਖ ਕਰਦੀ ਹੈ।

### 3.1 ਆਈ.ਏ.ਐੱਸ. ਬਣਨ ਤੋਂ ਬਾਅਦ ਦਾ ਬਦਲਾਅ

ਜਦੋਂ ਐਂਜਲ ਯੂ.ਪੀ.ਐੱਸ.ਸੀ. ਦੀ ਪ੍ਰੀਖਿਆ ਪਾਸ ਕਰਕੇ ਆਈ.ਏ.ਐੱਸ. ਅਧਿਕਾਰੀ ਬਣ ਜਾਂਦੀ ਹੈ, ਤਾਂ ਉਸ ਦੀ ਦੁਨੀਆ ਮਾਨੋ ਰਾਤੋਂ-ਰਾਤ ਬਦਲ ਜਾਂਦੀ ਹੈ। ਜੋ ਲੋਕ ਕਦੇ ਉਸ ਦੀ ਯੋਗਤਾ 'ਤੇ ਸ਼ੱਕ ਕਰਦੇ ਸਨ, ਉਹੀ ਹੁਣ ਉਸ ਦੀ ਪ੍ਰਸ਼ੰਸਾ ਕਰਦੇ ਨਹੀਂ ਥੱਕਦੇ। ਪਰਿਵਾਰ ਅਤੇ ਸਮਾਜ ਦੀ ਨਜ਼ਰ ਵਿੱਚ ਉਸ ਦੀ ਪਹਿਚਾਣ ਇੱਕ ਨਵੇਂ ਅਹੁਦੇ ਨਾਲ ਜੁੜ ਜਾਂਦੀ ਹੈ। ਉਸ ਦਾ ਨਾਮ ਹੁਣ ਸਿਰਫ਼ 'ਐਂਜਲ' ਨਹੀਂ ਰਹਿੰਦਾ, ਸਗੋਂ 'ਕਲੈਕਟਰ ਸਾਹਿਬਾ' ਬਣ ਜਾਂਦਾ ਹੈ, ਜੋ ਇੱਕ ਅਜਿਹਾ ਸੰਬੋਧਨ ਹੈ, ਜੋ ਸਨਮਾਨ ਦੇ ਨਾਲ-ਨਾਲ ਦੂਰੀ ਵੀ ਪੈਦਾ ਕਰਦਾ ਹੈ। ਪਰ ਇਸ ਸਫਲਤਾ ਦੀ ਚਮਕ ਦੇ ਨਾਲ ਇੱਕ ਅਦ੍ਰਿਸ਼ਟ ਪਰਛਾਈਂ ਵੀ ਜੁੜੀ ਹੁੰਦੀ ਹੈ। ਗਿਰੀਸ਼ ਅਤੇ ਐਂਜਲ ਦੇ ਰਿਸ਼ਤੇ 'ਤੇ ਸਵਾਲ ਉੱਠਣ ਲੱਗਦੇ ਹਨ। ਸਮਾਜਿਕ ਅਤੇ ਪਰਿਵਾਰਕ ਦਬਾਅ ਇਹ ਰੂਪ ਧਾਰ ਲੈਂਦਾ ਹੈ ਕਿ ਕੀ ਇੱਕ ਉੱਚ ਅਹੁਦੇ 'ਤੇ ਬੈਠੀ 'ਕਲੈਕਟਰ ਸਾਹਿਬਾ' ਦਾ ਵਿਆਹ ਉਸ ਨੌਜਵਾਨ ਨਾਲ ਹੋ ਸਕਦਾ ਹੈ ਜੋ ਉਸੇ ਪ੍ਰੀਖਿਆ ਵਿੱਚ ਅਸਫਲ ਰਿਹਾ ਹੈ ਅਤੇ ਹੁਣ ਇੱਕ ਲੇਖਕ ਜਾਂ ਸਧਾਰਨ ਨੌਕਰੀਪੇਸ਼ਾ ਵਿਅਕਤੀ ਹੈ? ਇੱਥੇ ਪ੍ਰੇਮ ਅਤੇ ਸਟੇਟਸ ਦੇ ਵਿਚਕਾਰ ਟਕਰਾਅ ਤੀਬਰ ਹੋ ਜਾਂਦਾ ਹੈ। ਨਾਵਲ ਵਿੱਚ ਇਹ ਦਵੰਦ ਬੜੀ ਮਾਰਮਿਕਤਾ ਨਾਲ ਦਰਸਾਇਆ ਗਿਆ ਹੈ:

> *"ਅੱਜ ਦੇ ਮਸ਼ੀਨੀ ਯੁੱਗ ਵਿੱਚ ਮਨੁੱਖ ਦੀ ਫ਼ਿਤਰਤ ਨੂੰ ਸਭ ਕੁਝ ਸਵੀਕਾਰ ਹੈ। ਪਰ ਸਟੇਟਸ ਡਾਊਨ ਹੋਣਾ ਹਰਗਿਜ਼ ਸਵੀਕਾਰ ਨਹੀਂ। ਇੱਕ ਕਲੈਕਟਰ ਕੁੜੀ ਕੈਰੀਅਰ ਲਈ ਸੰਘਰਸ਼ਰਤ ਮੁੰਡੇ ਨਾਲ ਵਿਆਹ ਕਰੇ, ਇਹ ਨਾ ਤਾਂ ਸਮਾਜ ਨੂੰ ਅਤੇ ਨਾ ਹੀ ਉਸ ਦੇ ਰਿਸ਼ਤੇਦਾਰਾਂ ਨੂੰ ਸਵੀਕਾਰ ਸੀ।"* [6]

ਇਹ ਸਥਿਤੀ ਅਜੋਕੇ ਯੁੱਗ ਦੀ ਉਸ ਕੌੜੀ ਸਚਾਈ ਨੂੰ ਦਰਸਾਉਂਦੀ ਹੈ ਜਿੱਥੇ 'ਸਮਾਜਿਕ ਸਟੇਟਸ' ਪਿਆਰ ਤੋਂ ਉੱਪਰ ਹੋ ਜਾਂਦਾ ਹੈ। ਐਂਜਲ ਦੇ ਪਰਿਵਾਰਕ ਮੈਂਬਰਾਂ ਦੀ ਮਾਨਸਿਕਤਾ ਵਿੱਚ ਆਇਆ ਬਦਲਾਅ ਇਹ ਦਿਖਾਉਂਦਾ ਹੈ ਕਿ ਕਿਵੇਂ ਸਫਲਤਾ ਮਨੁੱਖੀ ਰਿਸ਼ਤਿਆਂ ਦੀਆਂ ਤਰਜੀਹਾਂ ਬਦਲ ਦਿੰਦੀ ਹੈ। ਪਹਿਲਾਂ ਉਹ ਉਸ ਦੀ ਅਸਫਲਤਾ ਤੋਂ ਨਿਰਾਸ਼ ਸਨ, ਪਰ ਹੁਣ ਉਸ ਦੀ ਸਫਲਤਾ ਨੂੰ ਆਪਣੇ ਸਮਾਜਿਕ ਮਾਣ ਨਾਲ ਜੋੜਦੇ ਹਨ। ਉਹ ਰਿਸ਼ਤੇ ਦੀ ਗਹਿਰਾਈ ਦੀ ਬਜਾਏ ਸਮਾਜ ਵਿੱਚ ਮਿਲਣ ਵਾਲੀ ਇੱਜ਼ਤ ਅਤੇ ਮਰਯਾਦਾ ਨੂੰ ਤਰਜੀਹ ਦੇਣ ਲੱਗਦੇ ਹਨ। ਇਸ ਤਰ੍ਹਾਂ ਨਾਵਲਕਾਰ ਦਰਸਾਉਂਦਾ ਹੈ ਕਿ ਸਫਲਤਾ ਮਨੁੱਖੀ ਰਿਸ਼ਤਿਆਂ ਦੀਆਂ ਤਰਜੀਹਾਂ ਨੂੰ ਕਿਵੇਂ ਬਦਲ ਦਿੰਦੀ ਹੈ, ਜਿੱਥੇ ਭਾਵਨਾ ਦੀ ਥਾਂ ਪ੍ਰਤਿਸ਼ਠਾ ਆ ਬੈਠਦੀ ਹੈ। ਅਸਲ ਪ੍ਰੀਖਿਆ ਇੱਥੇ ਸ਼ੁਰੂ ਹੁੰਦੀ ਹੈ- ਕੀ ਰਿਸ਼ਤਾ ਸਟੇਟਸ ਦੇ ਪਾੜੇ ਨੂੰ ਪਾਰ ਕਰ ਸਕੇਗਾ, ਜਾਂ ਸਮਾਜਿਕ ਦਬਾਅ ਉਸ ਨੂੰ ਵੱਖਰਾ ਕਰ ਦੇਵੇਗਾ?

### 3.2 ਨੌਕਰਸ਼ਾਹੀ ਦਾ ਹੰਕਾਰ

ਨਾਵਲ ਵਿੱਚ ਲੇਖਕ ਨੇ ਭਾਰਤੀ ਨੌਕਰਸ਼ਾਹੀ ਵਿੱਚ ਦਾਖ਼ਲ ਹੋਣ ਵਾਲੇ ਨੌਜਵਾਨਾਂ ਦੀ ਮਾਨਸਿਕਤਾ 'ਤੇ ਵੀ ਤਿੱਖਾ ਨਿਸ਼ਾਨਾ ਸਾਧਿਆ ਹੈ। ਜਦੋਂ ਕੋਈ ਉਮੀਦਵਾਰ ਦੀ ਯੂ.ਪੀ.ਐੱਸ.ਸੀ. ਪ੍ਰੀਖਿਆ ਪਾਸ ਕਰਕੇ ਉੱਚ ਅਹੁਦੇ 'ਤੇ ਪਹੁੰਚਦਾ ਹੈ, ਤਾਂ ਉਸ ਦੀ ਸਮਾਜਿਕ ਪਹਿਚਾਣ ਤੁਰੰਤ ਬਦਲ ਜਾਂਦੀ ਹੈ। ਇਹ ਬਦਲਾਅ ਕਈ ਵਾਰ ਸਿਰਫ਼ ਪਦਵੀ ਤੱਕ ਸੀਮਿਤ ਨਹੀਂ ਰਹਿੰਦਾ, ਸਗੋਂ ਉਸ ਦੇ ਅੰਦਰ ਇੱਕ ਅਦ੍ਰਿਸ਼ਟ ਹੰਕਾਰ ਨੂੰ ਜਨਮ ਦੇ ਸਕਦਾ ਹੈ। ਨਾਵਲ ਵਿੱਚ ਲੇਖਕ ਦਰਸਾਉਂਦਾ ਹੈ ਕਿ ਸਫਲਤਾ ਦੀ ਚਮਕ ਕਈ ਵਾਰ ਵਿਅਕਤੀ ਨੂੰ ਉਸ ਦੇ ਪੁਰਾਣੇ ਸੰਘਰਸ਼ੀ ਦਿਨਾਂ ਤੋਂ ਦੂਰ ਕਰ ਦਿੰਦੀ ਹੈ। ਜੋ ਸਾਥੀ ਕਦੇ ਉਸ ਦੇ ਨਾਲ ਲੰਬੀਆਂ ਰਾਤਾਂ ਤੱਕ ਪੜ੍ਹਦੇ ਰਹੇ, ਜੋ ਉਸ ਦੀ ਅਸਫਲਤਾਵਾਂ ਦੇ ਸਮੇਂ ਮਾਨਸਿਕ ਸਹਾਰਾ ਬਣੇ, ਉਹੀ ਬਾਅਦ ਵਿੱਚ 'ਪਿੱਛੇ ਰਹਿ ਗਏ' ਲੋਕਾਂ ਵਜੋਂ ਦੇਖੇ ਜਾਣ ਲੱਗਦੇ ਹਨ। ਕੁਝ ਲੋਕ ਨੌਕਰਸ਼ਾਹੀ ਦੀ ਚਮਕ-ਧਮਕ ਵਿੱਚ ਆਪਣੇ ਆਪ ਨੂੰ ਆਮ ਜਨਤਾ ਤੋਂ ਉੱਪਰ ਸਮਝਣ ਲੱਗ ਪੈਂਦੇ ਹਨ। ਜਿਵੇਂ-

> *"ਹੁਣ ਤਾਂ ਸਥਿਤੀ ਇਹ ਹੈ ਕਿ ਲੋਕ ਨੌਕਰਸ਼ਾਹੀ ਨੂੰ ਸੇਵਾਪ੍ਰਦਾਤਾ ਦੀ ਬਜਾਏ ਸ਼ੋਸ਼ਣ ਦੇ ਏਜੰਟ ਦੇ ਰੂਪ ਵਿੱਚ ਦੇਖਣ ਲੱਗੇ ਹਨ। ਪ੍ਰਸ਼ਾਸਨ ਅਤੇ ਆਮ ਜਨਤਾ ਵਿੱਚ ਦੂਰੀ ਇਸ ਕਦਰ ਵਧ ਗਈ ਹੈ ਕਿ ਇੱਕ ਤਰ੍ਹਾਂ ਨਾਲ ਨੌਕਰਸ਼ਾਹੀ ਵਿੱਚ ਮੱਧ ਕਾਲ ਦੀ ਸਾਮੰਤਸ਼ਾਹੀ ਨਜ਼ਰ ਆਉਂਦੀ ਹੈ।"* [7]

ਲੇਖਕ ਨੇ ਇੱਥੇ ਸਫਲਤਾ ਦੇ ਨਕਾਰਾਤਮਿਕ ਪੱਖ ਨੂੰ ਵੀ ਉਜਾਗਰ ਕੀਤਾ ਹੈ। ਨੌਕਰਸ਼ਾਹੀ ਦਾ ਹੰਕਾਰ ਕੇਵਲ ਰਿਸ਼ਤਿਆਂ ਨੂੰ ਹੀ ਕਮਜ਼ੋਰ ਨਹੀਂ ਕਰਦਾ, ਸਗੋਂ ਉਸ ਵਿਅਕਤੀ ਦੀ ਮਾਨਵਤਾ ਨੂੰ ਵੀ ਖੋਖਲਾ ਕਰ ਸਕਦਾ ਹੈ, ਜਿਸ ਨੇ ਲੋਕ-ਸੇਵਾ ਦੀ ਸਹੁੰ ਚੁੱਕੀ ਹੁੰਦੀ ਹੈ। ਜਦੋਂ ਅਹੁਦਾ ਮਨੁੱਖਤਾ 'ਤੇ ਹਾਵੀ ਹੋ ਜਾਂਦਾ ਹੈ, ਤਦੋਂ ਸੇਵਾ ਦੀ ਭਾਵਨਾ ਦੀ ਥਾਂ ਅਧਿਕਾਰ ਦਾ ਅਹਿਸਾਸ ਆ ਬੈਠਦਾ ਹੈ। ਇੱਥੇ ਲੇਖਕ ਸਪਸ਼ਟ ਕਰਦਾ ਹੈ ਕਿ ਅਸਲ ਮਹਾਨਤਾ ਸਿਰਫ਼ ਅਹੁਦੇ ਨਾਲ ਨਹੀਂ ਆਉਂਦੀ, ਸਗੋਂ ਨਿਮਰਤਾ ਅਤੇ ਸੰਵੇਦਨਸ਼ੀਲਤਾ ਨਾਲ ਬਣਦੀ ਹੈ। ਜੇ ਨੌਕਰਸ਼ਾਹੀ ਦੇ ਅਹੁਦੇ ਨਾਲ ਮਨੁੱਖਤਾ ਕਾਇਮ ਰਹੇ, ਤਦੋਂ ਹੀ ਉਹ ਸਫਲਤਾ ਸੱਚੀ ਮਾਅਨੇ ਵਿੱਚ ਅਰਥਪੂਰਨ

ਹੈ। ਗਿਰੀਸ਼ ਦੇ ਮਨ ਵਿੱਚ ਵੀ ਇਹ ਸੰਦੇਹ ਉੱਭਰਦਾ ਹੈ ਕਿ ਕੀ ਐਂਜਲ ਵੀ ਇਸੇ ਹੰਕਾਰ ਦਾ ਸ਼ਿਕਾਰ ਹੋ ਜਾਵੇਗੀ? ਕੀ ਉਹ ਵੀ ਨਵੇਂ ਸਟੇਟਸ ਦੀ ਚਮਕ ਵਿੱਚ ਆਪਣੇ ਪੁਰਾਣੇ ਸਾਥੀ ਅਤੇ ਸੰਘਰਸ਼ ਨੂੰ ਭੁਲਾ ਦੇਵੇਗੀ? ਇਹ ਪ੍ਰਸ਼ਨ ਸਿਰਫ਼ ਇਕ ਵਿਅਕਤੀਗਤ ਡਰ ਨਹੀਂ, ਸਗੋਂ ਨਾਵਲ ਦਾ ਕੇਂਦਰੀ ਨੈਤਿਕ ਸੰਘਰਸ਼ ਹੈ।

### 3.3 ਐਂਜਲ ਦਾ ਸਟੈਂਡ

ਨਾਵਲ ਦੀ ਨਾਇਕਾ ਐਂਜਲ ਇਸ ਸਾਰੀ ਸਮਾਜਿਕ ਅਤੇ ਮਨੋਵਿਗਿਆਨਕ ਮਾਨਸਿਕਤਾ ਨੂੰ ਸਿੱਧੀ ਚੁਣੌਤੀ ਦਿੰਦੀ ਹੈ। ਉਹ ਸਿਰਫ਼ ਇੱਕ ਸਫਲ ਪ੍ਰਸ਼ਾਸਨਿਕ ਅਧਿਕਾਰੀ ਨਹੀਂ, ਸਗੋਂ ਆਦਰਸ਼ਵਾਦ ਅਤੇ ਨੈਤਿਕ ਦ੍ਰਿੜ੍ਹਤਾ ਦੀ ਪ੍ਰਤੀਕ ਵਜੋਂ ਸਾਹਮਣੇ ਆਉਂਦੀ ਹੈ। ਜਦੋਂ ਸਮਾਜ ਅਤੇ ਪਰਿਵਾਰ ਉਸ ਨੂੰ ਗਿਰੀਸ਼ ਤੋਂ ਦੂਰ ਰਹਿਣ ਦੀ ਸਲਾਹ ਦਿੰਦੇ ਹਨ ਅਤੇ 'ਸਟੇਟਸ' ਦੇ ਅੰਤਰ ਦੀ ਗੱਲ ਕਰਦੇ ਹਨ, ਤਦੋਂ ਐਂਜਲ ਆਪਣੇ ਸੰਘਰਸ਼ਮਈ ਦਿਨਾਂ ਅਤੇ ਗਿਰੀਸ਼ ਦੇ ਯੋਗਦਾਨ ਨੂੰ ਯਾਦ ਕਰਦੀ ਹੈ। ਉਹ ਸਪਸ਼ਟ ਕਰਦੀ ਹੈ ਕਿ ਕਿਸੇ ਵਿਅਕਤੀ ਦੀ ਕਦਰ ਉਸ ਦੇ ਸਰਕਾਰੀ ਅਹੁਦੇ ਨਾਲ ਨਹੀਂ, ਸਗੋਂ ਉਸ ਦੀ ਬੌਧਿਕਤਾ, ਕਿਰਦਾਰ ਅਤੇ ਮਨੁੱਖਤਾ ਨਾਲ ਕੀਤੀ ਜਾਣੀ ਚਾਹੀਦੀ ਹੈ। ਉਸ ਦੇ ਲਈ ਆਈ.ਏ.ਐੱਸ. ਬਣਨਾ ਸਿਰਫ਼ ਇੱਕ ਨੌਕਰੀ ਹੈ- ਇੱਕ ਜ਼ਿੰਮੇਵਾਰੀ- ਪਰ ਜੀਵਨ ਦਾ ਮੂਲ ਅਰਥ ਨਹੀਂ। ਉਹ ਇਸ ਗੱਲ ਨੂੰ ਦ੍ਰਿੜ੍ਹਤਾ ਨਾਲ ਮੰਨਦੀ ਹੈ ਕਿ ਜਿਸ ਵਿਅਕਤੀ ਨੇ ਉਸ ਦੇ ਅੰਦਰਲੇ 'ਕਲੈਕਟਰ' ਨੂੰ ਜਗਾਇਆ, ਉਸ ਨੂੰ ਸਿਰਫ਼ ਸਮਾਜਿਕ ਦਬਾਅ ਕਾਰਨ ਛੱਡ ਦੇਣਾ ਉਸ ਦੀ ਸਫਲਤਾ ਨਹੀਂ, ਸਗੋਂ ਸਭ ਤੋਂ ਵੱਡੀ ਹਾਰ ਹੋਵੇਗੀ। ਉਹ ਕਹਿੰਦੀ ਹੈ:

*"ਇੱਕ ਆਈ.ਏ.ਐੱਸ. ਕੁੜੀ ਜੇਕਰ ਇੱਕ ਆਮ ਜਿਹੇ ਮੁੰਡੇ ਨਾਲ ਵਿਆਹ ਕਰ ਰਹੀ ਹੈ ਤਾਂ ਢਿੱਡ ਵਿੱਚ ਇੰਨਾ ਦਰਦ ਕਿਉਂ ਹੋ ਰਿਹਾ ਹੈ? ਅਸੀਂ ਹਮੇਸ਼ਾ ਖ਼ੂਨ ਦੇ ਰਿਸ਼ਤਿਆਂ ਨੂੰ ਹੀ ਕਿਉਂ ਦੇਖਦੇ ਹਾਂ? ਜੋ ਸਾਡੀ ਮਦਦ ਕਰੇ, ਸਾਡੇ ਨਾਲ ਦੋਸਤੀ ਕਰੇ, ਕੀ ਉਸ ਨਾਲ ਜੀਵਨ ਭਰ ਦਾ ਰਿਸ਼ਤਾ ਨਹੀਂ ਨਿਭਾਇਆ ਜਾਣਾ ਚਾਹੀਦਾ? ਕਦੇ-ਕਦੇ ਜਿੱਥੇ ਖ਼ੂਨ ਦੇ ਰਿਸ਼ਤੇ ਕੰਮ ਨਹੀਂ ਆਉਂਦੇ, ਉੱਥੇ ਦੋਸਤੀ ਵਾਲਾ ਰਿਸ਼ਤਾ ਕੰਮ ਆ ਜਾਂਦਾ ਹੈ।"* [8]

ਇਸ ਤਰ੍ਹਾਂ ਐਂਜਲ ਸਾਬਤ ਕਰਦੀ ਹੈ ਕਿ ਅਸਲ ਉਚਾਈ ਉਹ ਨਹੀਂ ਜੋ ਅਹੁਦਾ ਦੇਵੇ, ਸਗੋਂ ਉਹ ਹੈ ਜੋ ਮਨੁੱਖੀ ਮੁੱਲਾਂ ਨੂੰ ਕਾਇਮ ਰੱਖੇ। ਉਹ ਗਿਰੀਸ਼ ਦੇ 'ਬੌਧਿਕ ਸਟੇਟਸ' ਨੂੰ ਆਪਣੇ ਪ੍ਰਸ਼ਾਸਨਿਕ ਰੁਤਬੇ ਤੋਂ ਵੀ ਉੱਚਾ ਮੰਨਦੀ ਹੈ, ਕਿਉਂਕਿ ਗਿਰੀਸ਼ ਨੇ ਉਸ ਦੀ ਸੋਚ ਨੂੰ ਨਿਖਾਰਿਆ, ਉਸ ਦਾ ਮਨੋਬਲ ਵਧਾਇਆ ਅਤੇ ਉਸ ਨੂੰ ਅਸਫਲਤਾਵਾਂ ਵਿੱਚੋਂ ਉੱਭਰਨਾ ਸਿਖਾਇਆ। ਐਂਜਲ ਦਾ ਇਹ ਸਟੈਂਡ ਪਦਾਰਥਵਾਦੀ ਅਤੇ ਪ੍ਰਤਿਸ਼ਠਾ-ਕੇਂਦਰਿਤ ਯੁੱਗ ਵਿੱਚ ਸੱਚੇ ਪ੍ਰੇਮ ਅਤੇ ਵਫ਼ਾਦਾਰੀ ਦੀ ਪ੍ਰੇਰਕ ਮਿਸਾਲ ਹੈ। ਉਹ ਇਹ ਸੰਦੇਸ਼ ਦਿੰਦੀ ਹੈ ਕਿ ਸਫਲਤਾ ਤਦ ਹੀ ਅਰਥਪੂਰਨ ਹੈ ਜਦੋਂ ਉਹ ਮਨੁੱਖੀ ਸੰਵੇਦਨਾ ਅਤੇ ਨਿਮਰਤਾ ਨਾਲ ਜੁੜੀ ਰਹੇ। ਇਸ ਤਰ੍ਹਾਂ ਐਂਜਲ ਦਾ ਪਾਤਰ ਨਾਵਲ ਨੂੰ ਸਿਰਫ਼ ਪ੍ਰਤੀਯੋਗੀ ਸੰਘਰਸ਼ ਦੀ ਕਹਾਣੀ ਨਹੀਂ ਰਹਿਣ ਦਿੰਦਾ, ਸਗੋਂ ਮੁੱਲਾਂ ਅਤੇ ਰਿਸ਼ਤਿਆਂ ਦੀ ਜਿੱਤ ਦੀ ਕਥਾ ਬਣਾਉਂਦਾ ਹੈ।

## 4. ਯੂ.ਪੀ.ਐੱਸ.ਸੀ. ਦੇ ਬਹਾਨੇ ਸਮਾਜਿਕ ਅਤੇ ਪ੍ਰਬੰਧਕੀ ਕੁਰੀਤੀਆਂ ਦਾ ਚਿਤਰਣ

ਨਾਵਲ 'ਕਲੈਕਟਰ ਸਾਹਿਬਾ' ਕੇਵਲ ਵਿਅਕਤੀਗਤ ਸੰਘਰਸ਼ ਦੀ ਕਹਾਣੀ ਨਹੀਂ ਹੈ, ਸਗੋਂ ਇਹ ਮੌਜੂਦਾ ਸਮਾਜਿਕ ਅਤੇ ਪ੍ਰਬੰਧਕੀ ਢਾਂਚੇ ਵਿੱਚ ਫੈਲੀਆਂ ਬੁਰਾਈਆਂ 'ਤੇ ਇੱਕ ਕਰਾਰੀ ਚੋਟ ਵੀ ਹੈ। ਲੇਖਕ ਨੇ ਯੂ.ਪੀ.ਐੱਸ.ਸੀ. ਦੀ ਤਿਆਰੀ ਦੇ ਬਹਾਨੇ ਉਸ ਪੂਰੇ ਸਿਸਟਮ ਨੂੰ ਨੰਗਾ ਕੀਤਾ ਹੈ, ਜੋ ਬਾਹਰੋਂ ਬਹੁਤ ਆਕਰਸ਼ਕ, ਪ੍ਰਤਿਸ਼ਠਿਤ ਅਤੇ ਸੁਪਨਿਆਂ ਵਰਗਾ ਦਿਸਦਾ ਹੈ, ਪਰ ਅੰਦਰੋਂ ਕਈ ਵਿਡੰਬਨਾਵਾਂ ਅਤੇ ਕੁਰੀਤੀਆਂ ਨਾਲ ਭਰਿਆ ਹੋਇਆ ਹੈ। ਨਾਵਲ ਵਿੱਚ ਦਰਸਾਇਆ ਗਿਆ ਹੈ ਕਿ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਆਲੇ-ਦੁਆਲੇ ਇੱਕ ਵੱਡਾ ਵਪਾਰਕ ਜਾਲ ਤਿਆਰ ਹੋ ਚੁੱਕਾ ਹੈ। ਕੋਚਿੰਗ ਸੰਸਥਾਵਾਂ, ਮਹਿੰਗੀਆਂ ਟੈਸਟ ਸੀਰੀਜ਼ਾਂ, ਪ੍ਰੇਰਣਾਦਾਇਕ ਸੈਮੀਨਾਰਾਂ ਅਤੇ ਸਫਲਤਾ ਦੀਆਂ ਕਹਾਣੀਆਂ ਦੇ ਨਾਂ 'ਤੇ ਚੱਲ ਰਹੇ ਬਾਜ਼ਾਰ ਨੇ ਨੌਜਵਾਨਾਂ ਦੇ ਸੁਪਨਿਆਂ ਨੂੰ ਇੱਕ ਉਤਪਾਦ ਵਿੱਚ ਬਦਲ ਦਿੱਤਾ ਹੈ। ਕਿਵੇਂ ਸਫਲਤਾ ਦੀ ਚਮਕ ਨੂੰ ਵਿਗਿਆਪਨ ਬਣਾ ਕੇ ਹਜ਼ਾਰਾਂ ਉਮੀਦਵਾਰਾਂ ਨੂੰ ਆਸ ਅਤੇ ਡਰ ਦੇ ਵਿਚਕਾਰ ਫਸਾ ਦਿੱਤਾ ਜਾਂਦਾ ਹੈ। ਇਹ ਤਿਆਰੀ ਸਿਰਫ਼ ਅਕਾਦਮਿਕ ਪ੍ਰਕਿਰਿਆ ਨਹੀਂ ਰਹਿੰਦੀ, ਸਗੋਂ ਇੱਕ ਆਰਥਿਕ ਦੌੜ ਬਣ ਜਾਂਦੀ ਹੈ ਜਿੱਥੇ ਹਰ ਪੜਾਅ ਦੀ ਕੀਮਤ ਚੁਕਾਉਣੀ ਪੈਂਦੀ ਹੈ। ਇਸ ਦੇ ਨਾਲ ਹੀ ਇਹ ਨਾਵਲ ਸਫਲਤਾ ਤੋਂ ਬਾਅਦ ਪੈਦਾ ਹੋਣ ਵਾਲੀਆਂ ਪ੍ਰਬੰਧਕੀ ਕਮੀਆਂ 'ਤੇ ਵੀ ਚੋਟ ਕਰਦਾ ਹੈ। ਲੇਖਕ ਇਸ਼ਾਰਾ ਕਰਦਾ ਹੈ ਕਿ ਜਿਹੜਾ ਸਿਸਟਮ ਲੋਕ-ਸੇਵਾ ਲਈ ਬਣਾਇਆ ਗਿਆ ਹੈ, ਉਹ ਕਈ ਵਾਰ ਅਹੁਦੇ ਦੀ ਚਮਕ ਅਤੇ ਅਧਿਕਾਰ ਦੇ ਹੰਕਾਰ ਵਿੱਚ ਆਪਣੀ ਮੂਲ ਭਾਵਨਾ ਤੋਂ ਦੂਰ ਹੋ ਜਾਂਦਾ ਹੈ। ਅੰਦਰੂਨੀ ਰਾਜਨੀਤੀ, ਤਰੱਕੀ ਦੀ ਦੌੜ ਅਤੇ ਸਟੇਟਸ ਦੀ ਹੋੜ ਉਸ ਨੌਜਵਾਨ ਅਧਿਕਾਰੀ ਦੀ ਮਨੋਵ੍ਰਿਤੀ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜੋ ਇੱਕ ਸਮੇਂ ਆਦਰਸ਼ਾਂ ਨਾਲ ਭਰਿਆ ਹੋਇਆ ਸੀ।

ਨਾਵਲਕਾਰ ਦੀ ਦਲੇਰੀ ਇਸ ਗੱਲ ਵਿੱਚ ਹੈ ਕਿ ਉਹ ਇਸ ਪੂਰੇ ਪ੍ਰਣਾਲੀਕ ਢਾਂਚੇ ਨੂੰ ਬਿਨਾਂ ਕਿਸੇ ਲਪੇਟੇ ਦੇ ਪੇਸ਼ ਕਰਦਾ ਹੈ। ਉਹ ਦਿਖਾਉਂਦਾ ਹੈ ਕਿ ਕਿਵੇਂ ਸੁਪਨਿਆਂ ਦਾ ਸਿਸਟਮ ਕਈ ਵਾਰ ਦਬਾਅ, ਹੰਕਾਰ ਅਤੇ ਵਪਾਰਿਕਤਾ ਦਾ ਮਾਧਿਅਮ ਬਣ ਜਾਂਦਾ ਹੈ। ਇਸ ਤਰ੍ਹਾਂ 'ਕਲੈਕਟਰ ਸਾਹਿਬਾ' ਸਿਰਫ਼ ਇੱਕ ਪ੍ਰੇਰਕ ਕਹਾਣੀ ਨਹੀਂ, ਸਗੋਂ ਸਮਾਜਿਕ ਆਲੋਚਨਾ ਦਾ ਦਸਤਾਵੇਜ਼ ਵੀ ਬਣ ਜਾਂਦੀ ਹੈ- ਜੋ ਪਾਠਕ ਨੂੰ ਸਫਲਤਾ ਦੇ ਪਿੱਛੇ ਲੁਕੇ ਹੋਏ ਸੱਚ ਨਾਲ ਰੂਬਰੂ ਕਰਾਉਂਦੀ ਹੈ।

### 4.1 ਕੋਚਿੰਗ ਸੰਸਥਾਵਾਂ ਦੀ ਚੂਹਾ ਦੌੜ

ਇਹ ਨਾਵਲ ਸਿਰਫ਼ ਪ੍ਰਤੀਯੋਗੀ ਪ੍ਰਣਾਲੀ ਦੀ ਗਾਥਾ ਨਹੀਂ, ਸਗੋਂ ਉਸ ਦੇ ਆਲੇ-ਦੁਆਲੇ ਬਣੇ ਵਪਾਰਕ ਢਾਂਚੇ ਦੀ ਕੜੀ ਸਮੀਖਿਆ ਵੀ ਹੈ। ਦਿੱਲੀ ਦੇ 'ਮੁਖਰਜੀ ਨਗਰ' ਅਤੇ 'ਰਾਜਿੰਦਰ ਨਗਰ' ਵਰਗੇ ਇਲਾਕੇ ਅੱਜ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਨੌਜਵਾਨਾਂ ਦੇ ਕੇਂਦਰ ਬਣ ਚੁੱਕੇ ਹਨ। ਪਰ ਨਾਵਲ ਇਨ੍ਹਾਂ ਥਾਵਾਂ ਨੂੰ ਸਿਰਫ਼ ਤਿਆਰੀ ਦੇ ਹੱਬ ਵਜੋਂ ਨਹੀਂ, ਸਗੋਂ 'ਸੁਪਨਿਆਂ ਦੇ ਕਬਰਸਤਾਨ' ਵਜੋਂ ਦਰਸਾਉਂਦਾ ਹੈ, ਜਿੱਥੇ ਹਜ਼ਾਰਾਂ ਉਮੀਦਾਂ ਜਨਮ ਲੈਂਦੀਆਂ ਹਨ, ਪਰ ਬਹੁਤੀਆਂ ਅਧੂਰੀ ਰਹਿ ਜਾਂਦੀਆਂ ਹਨ।

ਨਾਵਲ ਵਿੱਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਕਿਵੇਂ ਵੱਡੀਆਂ ਕੋਚਿੰਗ ਸੰਸਥਾਵਾਂ ਵਿਦਿਆਰਥੀਆਂ ਦੀਆਂ ਅਭਿਲਾਸ਼ਾਵਾਂ ਅਤੇ ਭਾਵਨਾਵਾਂ ਦਾ ਵਪਾਰ ਕਰਦੀਆਂ ਹਨ। ਚਮਕਦਾਰ ਹੋਰਡਿੰਗਾਂ, ਟਾਪਰਾਂ ਦੀਆਂ ਵੱਡੀਆਂ ਤਸਵੀਰਾਂ ਅਤੇ ਪ੍ਰੇਰਣਾਦਾਇਕ ਨਾਅਰਿਆਂ ਰਾਹੀਂ ਇੱਕ ਅਜਿਹਾ ਮਾਹੌਲ ਬਣਾਇਆ ਜਾਂਦਾ ਹੈ, ਜਿੱਥੇ ਹਰ ਨਵਾਂ ਵਿਦਿਆਰਥੀ ਆਪਣੇ ਆਪ ਨੂੰ ਅਗਲਾ 'ਟਾਪਰ' ਸਮਝਣ

ਲੱਗਦਾ ਹੈ। ਲੱਖਾਂ ਰੁਪਏ ਦੀ ਫ਼ੀਸ ਲੈਣ ਦੇ ਬਾਵਜੂਦ ਇਹ ਸੰਸਥਾਵਾਂ ਵਿਦਿਆਰਥੀਆਂ ਦੀ ਮਾਨਸਿਕ ਸਿਹਤ, ਵਿਅਕਤੀਗਤ ਮਾਰਗ ਦਰਸ਼ਨ ਜਾਂ ਆਤਮ-ਵਿਕਾਸ ਵੱਲ ਘੱਟ ਧਿਆਨ ਦਿੰਦੀਆਂ ਹਨ। ਇੱਥੇ ਹਰ ਵਿਦਿਆਰਥੀ ਇੱਕ ਵਿਅਕਤੀ ਨਹੀਂ, ਸਗੋਂ ਕੇਵਲ ਇੱਕ 'ਰੋਲ ਨੰਬਰ' ਬਣ ਕੇ ਰਹਿ ਜਾਂਦਾ ਹੈ। ਨਾਵਲ ਵਿੱਚ ਇਸ ਵਪਾਰੀਕਰਨ 'ਤੇ ਤਿੱਖੀ ਟਿੱਪਣੀ ਕੀਤੀ ਗਈ ਹੈ:

> *"ਯੂ.ਪੀ.ਐੱਸ.ਸੀ. ਦੀ ਕੋਚਿੰਗ ਲੈਣਾ ਵਿਆਹ ਦੇ ਲੱਡੂ ਖਾਣ ਵਾਂਗ ਹੈ; ਖਾਓ ਤਾਂ ਪਛਤਾਓ, ਨਾ ਖਾਓ ਤਾਂ ਵੀ ਪਛਤਾਓ। ਤੁਸੀਂ ਕੋਚਿੰਗ ਕਰ ਕੇ ਦੇਖ ਲਈ ਹੈ, ਅਤੇ ਕੋਚਿੰਗ 'ਚ ਪੜ੍ਹਾਇਆ ਕਿੰਨਾ-ਕੁ ਪ੍ਰੀਲਿਮਜ਼ ਅਤੇ ਮੇਨਜ਼ ਵਿੱਚ ਆਇਆ, ਇਹ ਵੀ ਦੇਖ ਲਿਆ ਹੋਣੈ। ਜਦ ਤੱਕ ਸੈਲਫ਼ ਸਟੱਡੀ ਨਹੀਂ ਕਰਦੇ, ਤਦ ਤੱਕ ਯੂ.ਪੀ.ਐੱਸ.ਸੀ. ਦਾ ਕਿਲ੍ਹਾ ਫ਼ਤਹਿ ਕਰਨਾ ਅਸੰਭਵ ਹੈ।"* [9]

ਅੱਜ ਕੋਚਿੰਗ ਸੰਸਥਾਵਾਂ ਨੇ ਇੱਕ ਅਜਿਹਾ ਡਰ ਪੈਦਾ ਕਰ ਦਿੱਤਾ ਹੈ ਕਿ ਕੋਚਿੰਗ ਤੋਂ ਬਿਨਾਂ ਸਫਲਤਾ ਮਿਲਣਾ ਲਗਭਗ ਅਸੰਭਵ ਹੈ। ਪਰ ਇਹ ਮਾਹੌਲ 'ਚੂਹਾ ਦੌੜ' ਦੀ ਤਰ੍ਹਾਂ ਹੈ, ਜਿੱਥੇ ਹਰ ਕੋਈ ਦੌੜ ਰਿਹਾ ਹੈ, ਪਰ ਮੰਜ਼ਿਲ ਬਹੁਤ ਘੱਟ ਲੋਕਾਂ ਨੂੰ ਮਿਲਦੀ ਹੈ। ਇਸ ਦੌੜ ਦਾ ਮਨੋਵਿਗਿਆਨਕ ਦਬਾਅ ਕਈ ਨੌਜਵਾਨਾਂ ਨੂੰ ਤਣਾਅ, ਡਿਪ੍ਰੈਸ਼ਨ ਅਤੇ ਆਤਮ-ਸੰਦੇਹ ਵੱਲ ਧੱਕ ਦਿੰਦਾ ਹੈ। ਨਾਵਲ ਵਿੱਚ ਇਸ ਮਾਨਸਿਕ ਟੁੱਟ-ਭੱਜ ਦਾ ਜੀਵੰਤ ਚਿਤਰਣ ਮਿਲਦਾ ਹੈ, ਜੋ ਪਾਠਕ ਨੂੰ ਸੋਚਣ 'ਤੇ ਮਜਬੂਰ ਕਰਦਾ ਹੈ ਕਿ 'ਕੀ ਸਫਲਤਾ ਦੀ ਇਹ ਕੀਮਤ ਬਹੁਤ ਵੱਧ ਨਹੀਂ?'

### 4.2 ਲਾਲ ਫੀਤਾਸ਼ਾਹੀ ਅਤੇ ਭ੍ਰਿਸ਼ਟਾਚਾਰ

ਨਾਵਲ ਦਾ ਇੱਕ ਹੋਰ ਗੰਭੀਰ ਪਹਿਲੂ ਪ੍ਰਸ਼ਾਸਨਿਕ ਸੇਵਾਵਾਂ ਵਿੱਚ ਆਉਣ ਤੋਂ ਬਾਅਦ ਅਧਿਕਾਰੀਆਂ ਦੇ ਵਤੀਰੇ ਵਿੱਚ ਆਉਣ ਵਾਲੀ ਤਬਦੀਲੀ ਹੈ। ਲੇਖਕ ਨੇ 'ਲਾਲ ਫੀਤਾਸ਼ਾਹੀ' ਅਤੇ ਭ੍ਰਿਸ਼ਟਾਚਾਰ ਦੇ ਉਸ ਸੂਖਮ ਪਰ ਘਾਤਕ ਰੂਪ ਨੂੰ ਉਜਾਗਰ ਕੀਤਾ ਹੈ, ਜੋ ਆਮ ਜਨਤਾ ਨੂੰ ਸਿਸਟਮ ਤੋਂ ਦੂਰ ਕਰ ਦਿੰਦਾ ਹੈ। ਜਦੋਂ ਕੋਈ ਉਮੀਦਵਾਰ ਯੂ.ਪੀ.ਐੱਸ.ਸੀ. ਪ੍ਰਕਿਰਿਆ ਪਾਰ ਕਰਕੇ ਪ੍ਰਸ਼ਾਸਨ ਦਾ ਹਿੱਸਾ ਬਣਦਾ ਹੈ, ਤਾਂ ਉਸ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸੰਵਿਧਾਨਕ ਮੁੱਲਾਂ ਅਤੇ ਲੋਕ-ਸੇਵਾ ਦੀ ਭਾਵਨਾ ਨਾਲ ਕੰਮ ਕਰੇਗਾ। ਪਰ ਨਾਵਲ ਦਰਸਾਉਂਦਾ ਹੈ ਕਿ ਕਈ ਵਾਰ ਅਹੁਦੇ ਦੀ ਸ਼ਕਤੀ ਅਤੇ ਪ੍ਰਤਿਸ਼ਠਾ ਵਿਅਕਤੀ ਨੂੰ ਬਦਲ ਦਿੰਦੀ ਹੈ। ਜਿਹੜੀਆਂ ਕਦਰਾਂ-ਕੀਮਤਾਂ ਅਤੇ ਆਦਰਸ਼ ਉਸ ਨੇ ਇੰਟਰਵਿਊ ਵਿੱਚ ਦਰਸਾਏ ਹੁੰਦੇ ਹਨ, ਉਹ ਹੌਲੇ-ਹੌਲੇ ਦਫ਼ਤਰੀ ਹਕੀਕਤਾਂ ਦੇ ਭਾਰ ਹੇਠ ਦੱਬ ਜਾਂਦੇ ਹਨ। ਨਾਵਲ ਵਿੱਚ ਇਸ ਕੁਰੀਤੀ 'ਤੇ ਚੋਟ ਕਰਦਿਆਂ ਕਿਹਾ ਗਿਆ ਹੈ:

> *"ਆਈ.ਏ.ਐੱਸ. ਅਧਿਕਾਰੀ ਸਿਰਫ਼ ਕਹਿਣ ਨੂੰ ਲੋਕ ਸੇਵਕ ਹਨ, ਪਰ ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਉਹ ਖ਼ੁਦ ਨੂੰ ਸਵਰਗ ਤੋਂ ਉੱਤਰੇ ਹੋਏ ਲੋਕਾਂ ਦੇ ਰੂਪ ਵਿੱਚ, ਬਾਦਸ਼ਾਹ ਮੰਨਦੇ ਹਨ ਅਤੇ ਉਹਨਾਂ ਵਿੱਚ ਸ੍ਰੇਸ਼ਠਤਾ ਤੇ ਹੰਕਾਰ ਦੀ ਭਾਵਨਾ ਹੈ। ਅਜਿਹਾ ਇਸ ਕਰਕੇ ਹੈ, ਕਿਉਂਕਿ ਭਾਰਤ ਵਿੱਚ ਬਾਬੂਗਿਰੀ ਬਹੁਤ ਪ੍ਰਚਲਿਤ ਹੈ। ਭਾਰਤ ਵਿੱਚ ਬੀਜੇ ਗਏ ਬਾਬੂਗਿਰੀ ਦੇ ਬੀਜ ਬ੍ਰਿਟਿਸ਼ ਰਾਜ ਦੇ ਪਤਨ ਤੋਂ ਬਾਅਦ ਵੀ ਇੱਥੇ ਜਿਉਂਦੇ ਹਨ।"* [10]

ਇਹ ਪੰਗਤੀਆਂ ਸਿਸਟਮ ਦੀ ਉਸ ਹਕੀਕਤ ਨੂੰ ਦਰਸਾਉਂਦੀਆਂ ਹਨ, ਜਿੱਥੇ ਲਾਲ ਫੀਤਾਸ਼ਾਹੀ ਸਿਰਫ਼ ਕਾਗ਼ਜ਼ੀ ਕਾਰਵਾਈ ਨਹੀਂ, ਸਗੋਂ ਇੱਕ ਮਨੋਵ੍ਰਿਤੀ ਹੈ, ਜਿੱਥੇ ਤੁਰੰਤ ਹੱਲ ਦੀ ਥਾਂ ਪ੍ਰਕਿਰਿਆਵਾਂ ਦੀ ਢਾਲ ਖੜ੍ਹੀ ਕਰ ਦਿੱਤੀ ਜਾਂਦੀ ਹੈ। ਲੇਖਕ ਦਾ ਮੰਨਣਾ ਹੈ ਕਿ ਜਦੋਂ ਤੱਕ ਪ੍ਰਸ਼ਾਸਨਿਕ ਅਧਿਕਾਰੀ ਆਪਣੇ ਅੰਦਰੋਂ 'ਸਾਹਿਬ' ਵਾਲਾ ਹੰਕਾਰ ਤਿਆਗ ਕੇ ਆਪਣੇ ਆਪ ਨੂੰ ਜਨਤਾ ਦਾ ਸੇਵਕ ਨਹੀਂ ਮੰਨਦੇ, ਤਦ ਤੱਕ ਸੱਚੀ ਲੋਕ-ਸੇਵਾ ਸੰਭਵ ਨਹੀਂ। ਇਹ ਅਹੁਦਾ 'ਜ਼ਿੰਮੇਵਾਰੀ ਹੈ, ਹਕੂਮਤ ਨਹੀਂ' ਦਾ ਸੰਦੇਸ਼ ਨਾਵਲ ਵਾਰ-ਵਾਰ ਉਭਾਰਦਾ ਹੈ। ਐਂਜਲ ਰਾਹੀਂ ਲੇਖਕ ਨੇ ਇੱਕ ਅਜਿਹੇ ਅਧਿਕਾਰੀ ਦਾ ਮਾਡਲ ਪੇਸ਼ ਕੀਤਾ ਹੈ ਜੋ ਇਨ੍ਹਾਂ ਕੁਰੀਤੀਆਂ ਦੇ ਵਿਰੁੱਧ ਖੜ੍ਹਦੀ ਹੈ।

### 4.3 ਕੋਰੋਨਾ ਕਾਲ ਦੀਆਂ ਚੁਣੌਤੀਆਂ

ਨਾਵਲ ਵਿੱਚ ਕੋਰੋਨਾ ਕਾਲ ਨੂੰ ਇੱਕ ਵਿਸ਼ੇਸ਼ ਅਤੇ ਇਤਿਹਾਸਕ ਸੰਦਰਭ ਵਜੋਂ ਪੇਸ਼ ਕੀਤਾ ਗਿਆ ਹੈ। COVID-19 ਅਤੇ ਲਾਕਡਾਊਨ ਦਾ ਸਮਾਂ ਪ੍ਰਤੀਯੋਗੀ ਵਿਦਿਆਰਥੀਆਂ ਲਈ ਕਿਸੇ ਭਿਆਨਕ ਸੁਪਨੇ ਤੋਂ ਘੱਟ ਨਹੀਂ ਸੀ। ਜਿੱਥੇ ਪੂਰੀ ਦੁਨੀਆ ਸਿਹਤ ਸੰਕਟ ਨਾਲ ਜੂਝ ਰਹੀ ਸੀ, ਉੱਥੇ ਪ੍ਰਤੀਯੋਗੀ ਵਿਦਿਆਰਥੀਆਂ ਲਈ ਇਹ ਸਮਾਂ ਅਸਮੰਜਸ, ਡਰ ਅਤੇ ਅਸਥਿਰਤਾ ਨਾਲ ਭਰਿਆ ਹੋਇਆ ਸੀ। ਲੇਖਕ ਨੇ ਬੜੀ ਬਾਰੀਕੀ ਨਾਲ ਦਰਸਾਇਆ ਹੈ ਕਿ ਕਿਵੇਂ ਦਿੱਲੀ ਦੇ ਪੀ.ਜੀ. ਕਮਰਿਆਂ ਵਿੱਚ ਰਹਿਣ ਵਾਲੇ ਵਿਦਿਆਰਥੀ ਮਾਨਸਿਕ ਅਤੇ ਆਰਥਿਕ ਤੌਰ 'ਤੇ ਟੁੱਟ ਗਏ ਸਨ। ਕੋਚਿੰਗ ਸੰਸਥਾਵਾਂ ਬੰਦ ਹੋ ਗਈਆਂ, ਲਾਇਬ੍ਰੇਰੀਆਂ ਸੁੰਨੀਆਂ ਪੈ ਗਈਆਂ ਅਤੇ ਪ੍ਰੀਖਿਆਵਾਂ ਮੁਲਤਵੀ ਹੋਣ ਲੱਗੀਆਂ। ਬਹੁਤ ਸਾਰੇ ਵਿਦਿਆਰਥੀਆਂ ਲਈ ਘਰੋਂ ਪੈਸੇ ਆਉਣੇ ਵੀ ਬੰਦ ਹੋ ਗਏ, ਜਿਸ ਕਾਰਨ ਕਿਰਾਇਆ ਅਤੇ ਰੋਜ਼ਾਨਾ ਦੇ ਖ਼ਰਚੇ ਭਰਨੇ ਮੁਸ਼ਕਲ ਹੋ ਗਏ। ਨਾਵਲ ਅਜੋਕੇ ਯੁੱਗ ਦੀਆਂ ਅਣਕਿਆਸੀਆਂ ਚੁਣੌਤੀਆਂ ਦਾ ਜੀਵੰਤ ਦਸਤਾਵੇਜ਼ ਵੀ ਹੈ। ਜੋ ਇਹ ਦਰਸਾਉਂਦਾ ਹੈ ਕਿ ਪ੍ਰਤੀਯੋਗੀ ਜੀਵਨ ਸਿਰਫ਼ ਪਾਠਕ੍ਰਮ ਅਤੇ ਪ੍ਰੀਖਿਆ ਤੱਕ ਸੀਮਿਤ ਨਹੀਂ ਹੁੰਦਾ; ਬਾਹਰੀ ਸੰਕਟ ਵੀ ਉਸ ਨੂੰ ਡੂੰਘੇ ਤੌਰ 'ਤੇ ਪ੍ਰਭਾਵਿਤ ਕਰ ਸਕਦੇ ਹਨ। ਕੋਰੋਨਾ ਕਾਲ ਦੀ ਬੇਬਾਕ ਬਿਆਨੀ ਨਾਵਲ ਨੂੰ ਸਮਕਾਲੀ ਹਕੀਕਤ ਨਾਲ ਜੋੜਦੀ ਹੈ ਅਤੇ ਇਸ ਨੂੰ ਇੱਕ ਸਮਾਜਿਕ-ਇਤਿਹਾਸਕ ਸੰਦਰਭ ਵਿੱਚ ਮਹੱਤਵਪੂਰਨ ਬਣਾਉਂਦੀ ਹੈ। ਲੇਖਕ ਨਾਵਲ ਰਾਹੀਂ ਇਸ ਸਮੇਂ ਦੇ ਸਿਰਫ਼ ਆਰਥਿਕ ਸੰਕਟ ਨੂੰ ਹੀ ਨਹੀਂ, ਸਗੋਂ ਮਾਨਸਿਕ ਅਸਥਿਰਤਾ ਨੂੰ ਵੀ ਉਜਾਗਰ ਕਰਦਾ ਹੈ। ਉਮਰ ਦੀ ਸੀਮਾ ਪਾਰ ਹੋ ਜਾਣ ਦਾ ਡਰ, ਪ੍ਰੀਖਿਆਵਾਂ ਦੇ ਅਨਿਸ਼ਚਿਤ ਸਮੇਂ ਅਤੇ ਭਵਿੱਖ ਦੀ ਅਸਪਸ਼ਟਤਾ ਨੇ ਕਈ ਨੌਜਵਾਨਾਂ ਨੂੰ ਗਹਿਰੇ ਤਣਾਅ ਵਿੱਚ ਧੱਕ ਦਿੱਤਾ। ਐਂਜਲ ਅਤੇ ਗਿਰੀਸ਼ ਦੇ ਪਾਤਰਾਂ ਰਾਹੀਂ ਇਹ ਵੀ ਦਰਸਾਇਆ ਗਿਆ ਹੈ ਕਿ ਇਸ ਔਖੇ ਸਮੇਂ ਵਿੱਚ ਡਿਜੀਟਲ ਪੜ੍ਹਾਈ ਅਤੇ ਆਪਸੀ ਮਾਨਸਿਕ ਸਹਿਯੋਗ ਨੇ ਉਨ੍ਹਾਂ ਨੂੰ ਸੰਭਾਲ ਕੇ ਰੱਖਿਆ। ਆਨਲਾਈਨ ਕਲਾਸਾਂ, ਵੀਡੀਓ ਲੈਕਚਰ ਅਤੇ ਵਰਚੂਅਲ ਚਰਚਾਵਾਂ ਨੇ ਤਿਆਰੀ ਦੀ ਲੜੀ ਨੂੰ ਜਾਰੀ ਰੱਖਣ ਵਿੱਚ ਮਦਦ ਕੀਤੀ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਨ੍ਹਾਂ ਨੇ ਇਕ-ਦੂਜੇ ਦਾ ਹੌਸਲਾ ਬਣ ਕੇ ਰਹਿਣਾ ਸਿੱਖਿਆ, ਜੋ ਸਿਰਫ਼ ਅਕਾਦਮਿਕ ਨਹੀਂ, ਸਗੋਂ ਮਨੋਵਿਗਿਆਨਕ ਬਚਾਅ ਵੀ ਸੀ।

### 4.4 ਲਬਾਸਨਾ: ਇੱਕ 'ਰੁਮਾਂਸ ਕੇਂਦਰ'

ਨਾਵਲ 'ਕਲੈਕਟਰ ਸਾਹਿਬਾ' ਵਿੱਚ ਲਬਾਸਨਾ ਕੇਵਲ ਇੱਕ ਸਥਾਨ ਨਹੀਂ, ਸਗੋਂ ਇੱਕ ਸੁਪਨਾ, ਇੱਕ ਪ੍ਰਤੀਕ ਅਤੇ ਇੱਕ ਮੰਜ਼ਿਲ ਵਜੋਂ ਉੱਭਰਦਾ ਹੈ। ਇਹ ਉਹ ਥਾਂ ਹੈ ਜਿੱਥੇ ਹਰ ਯੂ.ਪੀ.ਐੱਸ.ਸੀ. ਉਮੀਦਵਾਰ ਆਪਣੇ ਅੰਦਰ ਪਲ ਰਹੇ ਕਲੈਕਟਰ

ਬਣਨ ਦੇ ਖ਼ੁਆਬ ਨੂੰ ਹਕੀਕਤ ਬਣਿਆ ਹੋਇਆ ਦੇਖਣਾ ਚਾਹੁੰਦਾ ਹੈ। ਮਸੂਰੀ ਦੀਆਂ ਵਾਦੀਆਂ ਵਿੱਚ ਸਥਿਤ ਇਹ ਅਕੈਡਮੀ ਨਾਵਲ ਦੇ ਪਾਤਰਾਂ ਲਈ ਸਿਰਫ਼ ਟ੍ਰੇਨਿੰਗ ਸੈਂਟਰ ਨਹੀਂ, ਸਗੋਂ ਸਾਲਾਂ ਦੀ ਤਪੱਸਿਆ ਦਾ ਫਲ ਹੈ। ਔਲਡ ਰਾਜਿੰਦਰ ਨਗਰ ਦੀਆਂ ਤੰਗ ਗਲੀਆਂ ਤੋਂ ਨਿਕਲ ਕੇ ਲਬਾਸਨਾ ਦੇ ਆਲੀਸ਼ਾਨ ਹੋਸਟਲਾਂ (ਨਰਮਦਾ, ਗੰਗਾ, ਸਿਲਵਰ ਵੁਡ ਆਦਿ) ਵਿੱਚ ਪਹੁੰਚਣਾ ਉਸ ਲਈ ਇੱਕ ਸੁਖਦ ਅਹਿਸਾਸ ਹੈ। ਐਂਜਲ ਲਈ ਲਬਾਸਨਾ ਉਸ ਦੇ ਬਚਪਨ ਦੇ ਸੁਪਨੇ ਦਾ ਜੀਵੰਤ ਰੂਪ ਹੈ। ਉਹ ਆਪਣੀ ਡਾਇਰੀ ਵਿੱਚ ਲਬਾਸਨਾ ਬਾਰੇ ਸੋਚਦਿਆਂ ਆਪਣੇ ਆਪ ਨਾਲ ਵਾਅਦਾ ਕਰਦੀ ਹੈ ਕਿ ਜੇਕਰ ਉਹ ਅਨੁਸ਼ਾਸਨ ਅਤੇ ਦ੍ਰਿੜ੍ਹਤਾ ਨਾਲ ਪੜ੍ਹਾਈ ਨਹੀਂ ਕਰੇਗੀ ਤਾਂ ਇਹ ਮੰਜ਼ਿਲ ਹਮੇਸ਼ਾ ਦੂਰ ਰਹੇਗੀ। ਇਸ ਤਰ੍ਹਾਂ ਲਬਾਸਨਾ ਇੱਕ ਪ੍ਰੇਰਕ ਕੇਂਦਰ ਬਣ ਜਾਂਦਾ ਹੈ, ਜੋ ਉਸ ਨੂੰ ਹਰ ਦਿਨ ਨਵੀਂ ਊਰਜਾ ਨਾਲ ਪੜ੍ਹਨ ਲਈ ਉਤਸ਼ਾਹਿਤ ਕਰਦਾ ਹੈ।ਨਾਵਲ ਵਿੱਚ ਲਬਾਸਨਾ ਨੂੰ ਇੱਕ 'ਰੁਮਾਂਸ ਕੇਂਦਰ' ਵਜੋਂ ਵੀ ਦਰਸਾਇਆ ਗਿਆ ਹੈ। ਇਹ ਰੁਮਾਂਸ ਸਿਰਫ਼ ਪ੍ਰੇਮੀ ਜੋੜਿਆਂ ਦਾ ਨਹੀਂ, ਸਗੋਂ ਸੁਪਨੇ ਅਤੇ ਮਿਹਨਤ ਦੇ ਮਿਲਾਪ ਦਾ ਹੈ। ਗਿਰੀਸ਼ ਕਹਿੰਦਾ ਹੈ:

> *"ਅੱਜ ਵੀ ਕਿਤਾਬਾਂ ਨਾਲ ਮੁਹੱਬਤ ਕਰਕੇ ਲਬਾਸਨਾ (ਲਾਲ ਬਹਾਦਰ ਸ਼ਾਸਤਰੀ ਨੈਸ਼ਨਲ ਅਕੈਡਮੀ ਆਫ਼ ਐਡਮਨਿਸਟ੍ਰੇਸ਼ਨ) ਪਹੁੰਚਿਆ ਜਾ ਸਕਦਾ ਹੈ।"* [11]

ਨਾਵਲ ਵਿੱਚ ਲਬਾਸਨਾ ਇੱਕ ਅਜਿਹਾ ਪ੍ਰਤੀਕ ਹੈ ਜੋ ਸਫਲਤਾ ਦੀ ਚਮਕ ਅਤੇ ਸੰਘਰਸ਼ ਦੀ ਗਹਿਰਾਈ ਦੋਵੇਂ ਨੂੰ ਇਕੱਠਾ ਕਰਦਾ ਹੈ। ਇੱਥੇ ਪਹੁੰਚਣਾ ਸਿਰਫ਼ ਪ੍ਰੀਖਿਆ ਪਾਸ ਕਰਨ ਦਾ ਨਤੀਜਾ ਨਹੀਂ, ਸਗੋਂ ਆਪਣੇ ਆਪ ਨਾਲ ਕੀਤੇ ਵਾਅਦੇ ਦੀ ਪੂਰਤੀ ਹੈ। ਐਂਜਲ ਲਈ ਇਹ ਮੰਜ਼ਿਲ ਉਸ ਦੀ ਮਿਹਨਤ ਦਾ ਇਨਾਮ ਹੈ, ਜਦਕਿ ਗਿਰੀਸ਼ ਲਈ ਇਹ ਉਸ ਸੁਪਨੇ ਦੀ ਤਸਦੀਕ ਹੈ ਜਿਸ ਨੂੰ ਉਸ ਨੇ ਸਦਾ ਜਗਾਏ ਰੱਖਿਆ। ਲੇਖਕ ਦੱਸਦਾ ਹੈ ਕਿ ਲਬਾਸਨਾ ਸਿਰਫ਼ ਸਿਖਲਾਈ ਕੇਂਦਰ ਨਹੀਂ, ਸਗੋਂ ਨਵੇਂ ਚੁਣੇ ਅਫ਼ਸਰਾਂ ਲਈ ਇੱਕ 'ਰੁਮਾਂਸ ਸੈਂਟਰ' ਵੀ ਬਣ ਜਾਂਦਾ ਹੈ। ਕੋਰੋਨਾ ਕਾਲ ਕਾਰਨ ਕਲਾਸਾਂ ਆਨਲਾਈਨ ਹਨ, ਪਰ ਟ੍ਰੇਨੀ ਅਫ਼ਸਰਾਂ ਵਿੱਚ ਇੱਕ-ਦੂਜੇ ਨੂੰ ਜਾਣਨ ਅਤੇ ਜੀਵਨ ਸਾਥੀ ਲੱਭਣ ਦੀ ਦੌੜ ਲੱਗੀ ਹੋਈ ਹੈ। ਐਂਜਲ ਨੋਟਿਸ ਕਰਦੀ ਹੈ ਕਿ ਕਈ ਅਫ਼ਸਰ ਪੜ੍ਹਾਈ ਤੋਂ ਵੱਧ 'ਇਸ਼ਕ ਲੜਾਉਣ' ਵਿੱਚ ਦਿਲਚਸਪੀ ਰੱਖਦੇ ਹਨ। ਐਂਜਲ ਅਤੇ ਗਿਰੀਸ਼ ਫ਼ੋਨ ਰਾਹੀਂ ਡੂੰਘੀਆਂ ਗੱਲਾਂ ਕਰਦੇ ਹਨ। ਐਂਜਲ ਸੰਘਰਸ਼ ਨੂੰ ਜੀਵਨ ਦੀ ਸਭ ਤੋਂ ਵੱਡੀ ਅਸੀਸ ਦੱਸਦੀ ਹੈ, ਜੋ ਮਨੁੱਖ ਨੂੰ 'ਕੁੰਦਨ' ਬਣਾਉਂਦਾ ਹੈ। ਦੂਜੇ ਪਾਸੇ, ਗਿਰੀਸ਼ ਉਸ ਨੂੰ ਡਰ (ਭੈਅ) 'ਤੇ ਕਾਬੂ ਪਾਉਣ ਦੀ ਸਿੱਖਿਆ ਦਿੰਦਾ ਹੈ ਕਿ ਜੀਵਨ ਵਿੱਚ ਸਭ ਤੋਂ ਖ਼ੁਸ਼ ਉਹ ਹੈ ਜੋ ਨਿਡਰ ਹੈ।

ਲੇਖਕ ਨੇ ਬੜੇ ਦਿਲਚਸਪ ਢੰਗ ਨਾਲ ਦੱਸਿਆ ਹੈ ਕਿ ਲਬਾਸਨਾ ਨੂੰ ਕਈ ਵਾਰ 'ਮੈਰਿਜ ਬਿਊਰੋ' ਵਜੋਂ ਦੇਖਿਆ ਜਾਂਦਾ ਹੈ। ਕਈ ਟ੍ਰੇਨੀ ਅਫ਼ਸਰ ਉੱਥੇ ਹੀ ਆਪਣਾ ਜੀਵਨ ਸਾਥੀ ਲੱਭਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਨ੍ਹਾਂ ਦਾ ਕਾਡਰ ਅਤੇ ਰੁਤਬਾ ਆਪਸ ਵਿੱਚ ਮੇਲ ਖਾ ਸਕੇ। ਇਸ ਨੂੰ ਨਾਵਲ ਵਿੱਚ 'ਕਾਡਰ ਮੈਰਿਜ' ਦਾ ਨਾਂ ਵੀ ਦਿੱਤਾ ਗਿਆ ਹੈ। ਐਂਜਲ ਦੇ ਘਰ ਵਾਲੇ ਉਸ 'ਤੇ ਇੱਕ ਆਈ.ਪੀ.ਐੱਸ. ਅਫ਼ਸਰ ਨਾਲ ਵਿਆਹ ਕਰਨ ਲਈ ਦਬਾਅ ਪਾਉਂਦੇ ਹਨ। ਐਂਜਲ ਦੇ ਮਨ ਵਿੱਚ ਦਵੰਦ ਹੈ ਕਿਉਂਕਿ ਉਹ ਗਿਰੀਸ਼ ਨਾਲ ਪਿਆਰ ਕਰਦੀ ਹੈ, ਜੋ ਅਜੇ ਸਫਲ ਨਹੀਂ ਹੋਇਆ। ਉਸ ਦੀਆਂ ਸਹੇਲੀਆਂ 'ਸਟੇਟਸ' ਦੀ ਗੱਲ ਕਰਦੀਆਂ ਹਨ, ਪਰ ਐਂਜਲ ਅਡੋਲ ਰਹਿੰਦੀ ਹੈ। ਉਹ ਮੰਨਦੀ ਹੈ ਕਿ ਗਿਰੀਸ਼ ਉਸ ਦਾ 'ਮੈਂਟਰ' ਰਿਹਾ ਹੈ ਅਤੇ ਸਫਲਤਾ ਤੋਂ ਬਾਅਦ ਉਸ ਨੂੰ ਛੱਡਣਾ ਧੋਖਾ ਹੋਵੇਗਾ।

ਲੇਖਕ ਮਸੂਰੀ (ਪਹਾੜੀਆਂ ਦੀ ਰਾਣੀ) ਦਾ ਵਿਸਤ੍ਰਿਤ ਵਰਣਨ ਕਰਦਾ ਹੈ। ਉਹ ਲਾਲ ਟਿੱਬਾ, ਕੈਂਪਟੀ ਫਾਲ, ਮਾਲ ਰੋਡ ਅਤੇ ਲਬਾਸਨਾ ਦੇ ਇਤਿਹਾਸ ਬਾਰੇ ਦੱਸਦਾ ਹੈ। ਮਸੂਰੀ ਦੇ ਹੱਥ-ਰਿਕਸ਼ੇ ਤੋਂ ਲੈ ਕੇ ਬ੍ਰਿਟਿਸ਼ ਕਾਲ ਦੀਆਂ ਯਾਦਾਂ ਅਤੇ ਰਸਕਿਨ ਬਾਂਡ ਵਰਗੇ ਲੇਖਕਾਂ ਦਾ ਜ਼ਿਕਰ ਕਰਦਿਆਂ, ਉਹ ਇਸ ਸ਼ਹਿਰ ਦੀ ਖ਼ੂਬਸੂਰਤੀ ਅਤੇ ਉੱਥੋਂ ਦੇ ਸਖ਼ਤ ਟ੍ਰੇਨਿੰਗ ਸ਼ਡਿਊਲ ਦੀ ਤਸਵੀਰ ਪੇਸ਼ ਕਰਦਾ ਹੈ। ਇਸ ਤਰ੍ਹਾਂ ਲਬਾਸਨਾ ਨਾਵਲ ਵਿੱਚ ਸਿਰਫ਼ ਇੱਕ ਭੂਗੋਲਿਕ ਥਾਂ ਨਹੀਂ, ਸਗੋਂ ਇੱਕ ਆਤਮਿਕ ਅਤੇ ਪ੍ਰਤੀਕਾਤਮਿਕ ਮੰਜ਼ਿਲ ਹੈ, ਜੋ ਦੱਸਦੀ ਹੈ ਕਿ ਸੱਚੀ ਤਪੱਸਿਆ ਅਤੇ ਦ੍ਰਿੜ੍ਹ ਸੰਕਲਪ ਨਾਲ ਕੋਈ ਵੀ ਦੂਰ ਦੀ ਚੋਟੀ ਹਾਸਲ ਕੀਤੀ ਜਾ ਸਕਦੀ ਹੈ।

## 5. ਅਭਿਲਾਸ਼ਾ, ਪ੍ਰੇਮ ਅਤੇ ਮਨੁੱਖਤਾ

ਨਾਵਲ 'ਕਲੈਕਟਰ ਸਾਹਿਬਾ' ਅਜੋਕੇ ਪਦਾਰਥਵਾਦੀ ਅਤੇ ਉਪਭੋਗਤਾਵਾਦੀ ਯੁੱਗ ਵਿੱਚ 'ਸਫਲਤਾ' ਦੇ ਪ੍ਰਚਲਿਤ ਸੰਕਲਪਾਂ ਨੂੰ ਵੰਗਾਰਦਾ ਹੈ। ਆਮ ਤੌਰ 'ਤੇ ਅਜੋਕੇ ਸਮੇਂ ਵਿੱਚ ਸਫਲਤਾ ਦਾ ਮਤਲਬ ਉੱਚੇ ਅਹੁਦੇ, ਲਾਲ ਬੱਤੀ ਵਾਲੀ ਗੱਡੀ ਅਤੇ ਪ੍ਰਸ਼ਾਸਨਿਕ ਸ਼ਕਤੀ ਤੱਕ ਸੀਮਤ ਕਰ ਦਿੱਤਾ ਗਿਆ ਹੈ। ਪਰ ਇਹ ਨਾਵਲ ਸਾਬਤ ਕਰਦਾ ਹੈ ਕਿ ਅਸਲ ਸਫਲਤਾ ਕੇਵਲ ਇੱਕ ਵੱਡੀ ਨੌਕਰੀ ਹਾਸਲ ਕਰਨਾ ਨਹੀਂ ਹੈ, ਸਗੋਂ ਉਸ ਮੁਕਾਮ 'ਤੇ ਪਹੁੰਚ ਕੇ ਵੀ ਆਪਣੇ ਅੰਦਰਲੀ ਮਨੁੱਖਤਾ, ਸਾਦਗੀ ਅਤੇ ਪੁਰਾਣੇ ਰਿਸ਼ਤਿਆਂ ਪ੍ਰਤੀ ਵਫ਼ਾਦਾਰੀ ਨੂੰ ਬਚਾਈ ਰੱਖਣਾ ਹੈ। ਨਾਵਲ ਵਿੱਚ ਗਿਰੀਸ਼ ਅਤੇ ਐਂਜਲ ਦੇ ਪਾਤਰਾਂ ਰਾਹੀਂ ਇੱਕ ਅਜਿਹਾ ਮਾਨਵੀ ਮਾਡਲ ਪੇਸ਼ ਕੀਤਾ ਹੈ, ਜੋ ਅਹੁਦੇ ਦੇ ਹੰਕਾਰ ਨਾਲੋਂ ਰੂਹ ਦੇ ਰਿਸ਼ਤਿਆਂ ਨੂੰ ਵਧੇਰੇ ਅਹਿਮੀਅਤ ਦਿੰਦਾ ਹੈ। ਨਾਵਲ ਅਜੋਕੇ ਨੌਜਵਾਨਾਂ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਜੀਵਨ ਵਿੱਚ ਅਭਿਲਾਸ਼ਾ ਅਤੇ ਪ੍ਰੇਮ ਦੋਵੇਂ ਬਰਾਬਰ ਮਹੱਤਵ ਰੱਖਦੇ ਹਨ। ਜੇਕਰ ਮਨੁੱਖ ਸਿਖਰ 'ਤੇ ਪਹੁੰਚ ਕੇ ਇਕੱਲਾ ਰਹਿ ਜਾਵੇ, ਤਾਂ ਉਹ ਸਫਲਤਾ ਬੇਮਾਅਨਾ ਹੋ ਜਾਂਦੀ ਹੈ। ਨਾਵਲ ਦਾ ਸਮੁੱਚਾ ਕਥਾਨਕ ਇਸੇ ਦਾਰਸ਼ਨਿਕ ਨੁਕਤੇ ਦੇ ਦੁਆਲੇ ਘੁੰਮਦਾ ਹੈ ਕਿ ਕਿਵੇਂ ਇੱਕ ਮਜ਼ਬੂਤ ਸ਼ਖ਼ਸੀਅਤ ਆਪਣੇ ਸੁਪਨਿਆਂ ਦੇ ਨਾਲ-ਨਾਲ ਆਪਣੀਆਂ ਭਾਵਨਾਤਮਕ ਜੜ੍ਹਾਂ ਨੂੰ ਵੀ ਸਿੰਜਦੀ ਹੈ।

### 5.1 ਅਭਿਲਾਸ਼ਾ: ਮਨੁੱਖਤਾ ਦੇ ਸੰਦਰਭ ਵਿੱਚ

ਨਾਵਲਕਾਰ ਅਨੁਸਾਰ ਮਨੁੱਖੀ ਜੀਵਨ ਵਿੱਚ ਉੱਚਾ ਨਿਸ਼ਾਨਾ ਅਤੇ ਤੀਬਰ ਅਭਿਲਾਸ਼ਾ ਹੋਣੀ ਲਾਜ਼ਮੀ ਹੈ, ਕਿਉਂਕਿ ਇਹ ਇੱਛਾ-ਸ਼ਕਤੀ ਹੀ ਵਿਅਕਤੀ ਨੂੰ ਕਰਮਸ਼ੀਲ ਬਣਾ ਕੇ ਸਫਲਤਾ ਦੇ ਮਾਰਗ 'ਤੇ ਤੋਰਦੀ ਹੈ। ਪਰ, ਲੇਖਕ ਇੱਕ ਅਹਿਮ ਨੁਕਤਾ ਉਭਾਰਦਾ ਹੈ ਕਿ ਇਹ ਅਭਿਲਾਸ਼ਾ ਕਦੇ ਵੀ ਦੂਜਿਆਂ ਨੂੰ ਨੀਵਾਂ ਦਿਖਾਉਣ ਜਾਂ ਆਪਣੇ ਅਤੀਤ ਦੀਆਂ ਜੜ੍ਹਾਂ ਨੂੰ ਵਿਸਾਰਨ ਦਾ ਸਾਧਨ ਨਹੀਂ ਬਣਨੀ ਚਾਹੀਦੀ। ਐਂਜਲ ਦੇ ਪਾਤਰ ਰਾਹੀਂ ਇਹ ਸਥਾਪਿਤ ਕੀਤਾ ਗਿਆ ਹੈ ਕਿ ਇੱਕ ਉੱਚ-ਪ੍ਰਸ਼ਾਸਨਿਕ ਅਹੁਦੇ (ਕਲੈਕਟਰ) 'ਤੇ ਪਹੁੰਚ ਕੇ ਵੀ ਉਹ ਆਪਣੇ ਅੰਦਰਲੀ ਉਸ 'ਕੋਮਲ ਕੁੜੀ' ਅਤੇ ਮਾਨਵੀ ਸੰਵੇਦਨਾਵਾਂ ਨੂੰ ਜਿਊਂਦਾ ਰੱਖਦੀ ਹੈ, ਜੋ ਗਿਰੀਸ਼ ਵਰਗੇ ਸੱਚੇ ਮਾਰਗ-ਦਰਸ਼ਕ ਦੇ ਵਿਚਾਰਾਂ ਅਤੇ ਸਾਥ ਦੀ ਤਹਿ-ਦਿਲੋਂ ਕਦਰ ਕਰਦੀ ਸੀ। ਨਾਵਲ ਵਿੱਚ ਇਸ ਮੌਲਿਕ ਵਿਚਾਰ ਨੂੰ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ ਕਿ ਸਫਲਤਾ ਦਾ ਅਸਲ ਮਤਲਬ ਦੂਜਿਆਂ ਨੂੰ ਪਿੱਛੇ ਛੱਡਣਾ ਨਹੀਂ, ਸਗੋਂ ਆਪਣੇ

ਕਿਰਦਾਰ ਨੂੰ ਉੱਚਾ ਚੁੱਕਣਾ ਹੈ। ਲੇਖਕ ਸਪਸ਼ਟ ਕਰਦਾ ਹੈ ਕਿ ਪ੍ਰਸ਼ਾਸਨਿਕ ਅਹੁਦਾ ਤੁਹਾਡੀ 'ਵਰਦੀ' ਵਾਂਗ ਹੋ ਸਕਦਾ ਹੈ ਜਿਸ ਨੂੰ ਸਮੇਂ ਅਨੁਸਾਰ ਪਹਿਨਿਆ ਜਾਂ ਉਤਾਰਿਆ ਜਾ ਸਕਦਾ ਹੈ, ਪਰ ਇਹ ਤੁਹਾਡੀ ਮੂਲ 'ਸ਼ਖ਼ਸੀਅਤ' ਨਹੀਂ ਹੋਣੀ ਚਾਹੀਦੀ। ਜਦੋਂ ਅਭਿਲਾਸ਼ਾ ਮਨੁੱਖੀ ਮੁੱਲਾਂ 'ਤੇ ਭਾਰੂ ਪੈ ਜਾਂਦੀ ਹੈ, ਤਾਂ ਵਿਅਕਤੀ ਸਿਰਫ਼ ਇੱਕ ਸੰਵੇਦਨਹੀਣ ਮਸ਼ੀਨ ਬਣ ਕੇ ਰਹਿ ਜਾਂਦਾ ਹੈ। ਐਂਜਲ ਦਾ ਸਫਲ ਹੋ ਕੇ ਵੀ ਗਿਰੀਸ਼ ਪ੍ਰਤੀ ਉਸੇ ਤਰ੍ਹਾਂ ਸਮਰਪਿਤ ਰਹਿਣਾ ਇਹ ਸਾਬਤ ਕਰਦਾ ਹੈ ਕਿ ਉੱਚੀਆਂ ਉਡਾਣਾਂ ਉੱਡਣ ਵਾਲੇ ਪੰਛੀ ਵੀ ਆਪਣਾ ਆਲ੍ਹਣਾ (ਜੜ੍ਹਾਂ) ਨਹੀਂ ਭੁੱਲਦੇ। ਨਾਵਲਕਾਰ ਸੰਦੇਸ਼ ਦਿੰਦਾ ਹੈ ਕਿ ਅਭਿਲਾਸ਼ਾ ਅਤੇ ਮਨੁੱਖਤਾ ਇੱਕ-ਦੂਜੇ ਦੇ ਵਿਰੋਧੀ ਨਹੀਂ ਸਗੋਂ ਪੂਰਕ ਹਨ। ਅਸਲ ਸਫਲਤਾ ਕੇਵਲ ਇੱਕ ਰੁਤਬਾ ਹਾਸਲ ਕਰਨਾ ਨਹੀਂ ਹੈ, ਸਗੋਂ ਉਸ ਮੁਕਾਮ 'ਤੇ ਪਹੁੰਚ ਕੇ ਆਪਣੇ ਮਾਨਵੀ ਗੁਣਾਂ ਨੂੰ ਬਰਕਰਾਰ ਰੱਖਣਾ ਹੈ। ਐਂਜਲ ਦਾ ਵਿਵਹਾਰ ਇਹ ਦਰਸਾਉਂਦਾ ਹੈ ਕਿ ਜੇਕਰ ਮਨੁੱਖ ਸਫਲਤਾ ਦੇ ਸਿਖਰ 'ਤੇ ਪਹੁੰਚ ਕੇ ਵੀ ਆਪਣੇ ਅਤੀਤ ਦੇ ਸੰਘਰਸ਼ਾਂ ਅਤੇ ਸ਼ੁਕਰਗੁਜ਼ਾਰੀ ਦੀ ਭਾਵਨਾ ਨੂੰ ਯਾਦ ਰੱਖਦਾ ਹੈ, ਤਾਂ ਹੀ ਉਸ ਦੀ ਅਭਿਲਾਸ਼ਾ ਸਾਰਥਕ ਕਹੀ ਜਾ ਸਕਦੀ ਹੈ। ਇਹ ਪਹੁੰਚ ਪਾਠਕਾਂ ਨੂੰ ਕੈਰੀਅਰ ਦੀਆਂ ਉਚਾਈਆਂ ਅਤੇ ਰਿਸ਼ਤਿਆਂ ਦੀ ਗਹਿਰਾਈ ਵਿਚਕਾਰ ਇੱਕ ਸੰਤੁਲਨ ਬਣਾਉਣ ਲਈ ਪ੍ਰੇਰਿਤ ਕਰਦੀ ਹੈ।

### 5.2 ਪ੍ਰੇਮ: ਸ਼ਕਤੀ ਅਤੇ ਢਾਲ ਵਜੋਂ

ਨਾਵਲ ਮੁਤਾਬਿਕ ਸੱਚਾ ਪ੍ਰੇਮ ਦੂਜੇ 'ਤੇ ਹਕੂਮਤ ਕਰਨਾ ਜਾਂ ਉਸ ਨੂੰ ਆਪਣੀ ਮਰਜ਼ੀ ਮੁਤਾਬਕ ਚਲਾਉਣਾ ਨਹੀਂ ਹੈ, ਸਗੋਂ ਸਾਥੀ ਨੂੰ ਉਸ ਦੇ ਸੁਪਨੇ ਸਾਕਾਰ ਕਰਨ ਲਈ ਖੰਭ ਦੇਣਾ ਹੈ। ਗਿਰੀਸ਼ ਦਾ ਪਾਤਰ ਇਸ ਉੱਚੇ ਪ੍ਰੇਮ ਦੀ ਮਿਸਾਲ ਹੈ, ਜੋ ਐਂਜਲ ਦੀ ਸਫਲਤਾ ਵਿੱਚ ਆਪਣੀ ਜਿੱਤ ਦੇਖਦਾ ਹੈ। ਉਸ ਦੀ ਅਸਫਲਤਾ ਦੇ ਦਿਨਾਂ ਵਿੱਚ ਉਹ ਇੱਕ ਮਜ਼ਬੂਤ ਢਾਲ ਬਣ ਕੇ ਖੜ੍ਹਦਾ ਹੈ ਅਤੇ ਨਿਰਾਸ਼ਾ ਦੇ ਪਲਾਂ ਵਿੱਚ ਉਸ ਨੂੰ ਟੁੱਟਣ ਤੋਂ ਬਚਾਉਂਦਾ ਹੈ। ਇਹ ਪ੍ਰੇਮ ਹੀ ਹੈ ਜੋ ਐਂਜਲ ਨੂੰ ਯੂ.ਪੀ.ਐੱਸ.ਸੀ. ਵਰਗੀ ਕਠਨ ਪ੍ਰੀਖਿਆ ਦੇ ਮਾਨਸਿਕ ਬੋਝ ਨੂੰ ਸਹਿਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ।

ਨਾਵਲ ਦੇ ਅੰਤਿਮ ਪੜਾਅ 'ਤੇ ਗਿਰੀਸ਼ ਦੇ ਇਹ ਸ਼ਬਦ *"ਸੱਚਮੁੱਚ ਸਾਡਾ ਪਿਆਰ ਸਮੁੰਦਰ ਤੋਂ ਵੀ ਡੂੰਘਾ, ਹਿਮਾਲਿਆ ਤੋਂ ਵੀ ਉੱਚਾ ਅਤੇ ਸ਼ਹਿਦ ਤੋਂ ਵੀ ਮਿੱਠਾ ਹੈ"* ਪ੍ਰੇਮ ਦੀ ਉਸ ਸਿਖਰ ਨੂੰ ਬਿਆਨ ਕਰਦੇ ਹਨ ਜਿੱਥੇ ਦੋ ਰੂਹਾਂ ਇੱਕ-ਦੂਜੇ ਵਿੱਚ ਅਭੇਦ ਹੋ ਜਾਂਦੀਆਂ ਹਨ। ਇਹ ਵਾਕ ਮਹਿਜ਼ ਰੁਮਾਂਟਿਕ ਅਭਿਵਿਅਕਤੀ ਨਹੀਂ ਹਨ, ਸਗੋਂ ਉਸ ਅਟੁੱਟ ਵਿਸ਼ਵਾਸ ਅਤੇ ਸਹਿਯੋਗ ਦਾ ਪ੍ਰਤੀਕ ਹਨ ਜਿਸ ਨੇ ਐਂਜਲ ਨੂੰ ਪ੍ਰਸ਼ਾਸਨਿਕ ਸੇਵਾ ਦੇ ਪਥਰੀਲੇ ਰਾਹਾਂ 'ਤੇ ਚੱਲਣ ਦਾ ਹੌਸਲਾ ਦਿੱਤਾ। ਲੇਖਕ ਨੇ ਬਹੁਤ ਸਾਰਥਕ ਢੰਗ ਨਾਲ ਚਿਤਰਿਆ ਹੈ ਕਿ ਪ੍ਰੇਮ ਕੈਰੀਅਰ ਦੇ ਰਾਹ ਵਿੱਚ ਕੋਈ ਕੰਧ ਜਾਂ ਰੁਕਾਵਟ ਨਹੀਂ, ਸਗੋਂ ਉਹ ਪੁਲ ਹੈ ਜੋ ਵਿਅਕਤੀ ਨੂੰ ਉਸ ਦੀ ਮੰਜ਼ਿਲ ਤੱਕ ਸੁਰੱਖਿਅਤ ਪਹੁੰਚਾਉਂਦਾ ਹੈ। ਜਦੋਂ ਦੋਵੇਂ ਸਾਥੀ ਇੱਕ-ਦੂਜੇ ਦੀਆਂ ਨਿੱਜੀ ਅਤੇ ਪੇਸ਼ੇਵਰ ਅਭਿਲਾਸ਼ਾਵਾਂ ਦਾ ਦਿਲੋਂ ਸਨਮਾਨ ਕਰਦੇ ਹਨ, ਤਾਂ ਪ੍ਰੇਮ ਸੰਸਾਰ ਦੀ ਸਭ ਤੋਂ ਵੱਡੀ ਪ੍ਰੇਰਣਾਦਾਇਕ ਸ਼ਕਤੀ ਬਣ ਕੇ ਉੱਭਰਦਾ ਹੈ। ਐਂਜਲ ਅਤੇ ਗਿਰੀਸ਼ ਦਾ ਰਿਸ਼ਤਾ ਅਜੋਕੇ ਦੌਰ ਦੇ ਨੌਜਵਾਨਾਂ ਲਈ ਇੱਕ ਮਿਸਾਲ ਹੈ ਕਿ ਕਿਵੇਂ ਪਿਆਰ ਦੇ ਸਹਾਰੇ ਵੱਡੇ ਤੋਂ ਵੱਡੇ ਮੁਕਾਮ ਹਾਸਲ ਕੀਤੇ ਜਾ ਸਕਦੇ ਹਨ। ਲੇਖਕ ਦਾ ਇਹ ਮੌਲਿਕ ਵਿਚਾਰ ਕਿ 'ਪ੍ਰੇਮ ਸ਼ਕਤੀ ਹੈ, ਕਮਜ਼ੋਰੀ ਨਹੀਂ', ਪੂਰੇ ਨਾਵਲ ਦੇ ਬਿਰਤਾਂਤ ਨੂੰ ਇੱਕ ਮਾਨਵੀ ਅਤੇ ਸੰਵੇਦਨਸ਼ੀਲ ਅਧਾਰ ਪ੍ਰਦਾਨ ਕਰਦਾ ਹੈ।

### 5.3 ਦਵੰਦ ਦਾ ਹੱਲ: ਪੂਰਕ ਰਿਸ਼ਤੇ

ਨਾਵਲ ਦੇ ਅੰਤਿਮ ਪੜਾਅ ਵਿੱਚ ਪ੍ਰੇਮ ਅਤੇ ਕੈਰੀਅਰ ਵਿਚਕਾਰ ਚੱਲ ਰਿਹਾ ਗੁੰਝਲਦਾਰ ਦਵੰਦ ਸੁਖਦ ਹੱਲ ਵੱਲ ਵਧਦਾ ਹੈ। ਜਦੋਂ ਐਂਜਲ 'ਕਲੈਕਟਰ' ਵਜੋਂ ਆਪਣੀ ਪਛਾਣ ਸਥਾਪਿਤ ਕਰ ਲੈਂਦੀ ਹੈ ਅਤੇ ਸਮਾਜਿਕ ਰੁਤਬੇ ਦੇ ਦਬਾਅ ਨੂੰ ਪਾਸੇ ਰੱਖ ਕੇ ਗਿਰੀਸ਼ ਨਾਲ ਆਪਣੇ ਰਿਸ਼ਤੇ ਨੂੰ ਖੁੱਲ੍ਹੇਆਮ ਸਵੀਕਾਰ ਕਰਦੀ ਹੈ, ਤਾਂ ਸਾਰੇ ਮਾਨਸਿਕ ਅਤੇ ਸਮਾਜਿਕ ਟਕਰਾਅ ਖ਼ਤਮ ਹੋ ਜਾਂਦੇ ਹਨ। ਇਹ ਮਿਲਣ ਕੇਵਲ ਦੋ ਵਿਅਕਤੀਆਂ ਦਾ ਨਿੱਜੀ ਮਿਲਣ ਨਹੀਂ ਹੈ, ਸਗੋਂ ਇਹ 'ਪਾਵਰ' (ਪ੍ਰਸ਼ਾਸਨਿਕ ਸ਼ਕਤੀ) ਅਤੇ 'ਵਿਜ਼ਡਮ' (ਲੇਖਕ ਦੀ ਬੌਧਿਕਤਾ) ਦਾ ਇੱਕ ਵਿਲੱਖਣ ਸੁਮੇਲ ਹੈ। ਇਹ ਸਾਬਤ ਕਰਦਾ ਹੈ ਕਿ ਰੁਤਬਾ ਭਾਵੇਂ ਕਿੰਨਾ ਵੀ ਉੱਚਾ ਕਿਉਂ ਨਾ ਹੋਵੇ, ਉਹ ਸੱਚੇ ਮਨਾਂ ਦੇ ਮਿਲਾਪ ਵਿੱਚ ਕਦੇ ਕੰਧ ਨਹੀਂ ਬਣ ਸਕਦਾ। ਇਸ ਨਾਵਲ ਰਾਹੀਂ ਪੰਜਾਬੀ ਸਾਹਿਤ ਵਿੱਚ ਇੱਕ ਅਜਿਹੀ ਨਾਇਕਾ ਨੂੰ ਪੇਸ਼ ਕੀਤਾ ਗਿਆ ਹੈ ਜੋ ਅਜੋਕੇ ਯੁੱਗ ਦੀਆਂ ਆਧੁਨਿਕ ਚੁਣੌਤੀਆਂ ਤੋਂ ਵੀ ਜਾਣੂ ਹੈ ਅਤੇ ਆਪਣੀ ਮਾਨਵੀ ਸੰਵੇਦਨਸ਼ੀਲਤਾ ਨੂੰ ਵੀ ਬਰਕਰਾਰ ਰੱਖਦੀ ਹੈ। ਇਹ ਬਿਰਤਾਂਤ ਸਥਾਪਿਤ ਕਰਦਾ ਹੈ ਕਿ ਜੇਕਰ ਇਰਾਦੇ ਨੇਕ ਹੋਣ ਅਤੇ ਸਾਥੀ 'ਤੇ ਅਟੁੱਟ ਭਰੋਸਾ ਹੋਵੇ, ਤਾਂ ਕੈਰੀਅਰ ਦੀਆਂ ਉਚਾਈਆਂ ਅਤੇ ਪਿਆਰ ਦੀ ਗਹਿਰਾਈ ਵਿਚਕਾਰ ਕੋਈ ਵਿਰੋਧ ਨਹੀਂ ਰਹਿੰਦਾ। ਅਜੋਕੇ ਭੱਜ-ਦੌੜ ਵਾਲੇ ਅਤੇ ਪਦਾਰਥਵਾਦੀ ਦੌਰ ਵਿੱਚ, ਜਿੱਥੇ ਰਿਸ਼ਤੇ ਅਕਸਰ ਸਵਾਰਥ ਅਤੇ ਰੁਤਬੇ ਦੀ ਭੇਟ ਚੜ੍ਹ ਜਾਂਦੇ ਹਨ, ਇਹ ਨਾਵਲ ਸਥਿਰਤਾ ਅਤੇ ਨੈਤਿਕ ਵਚਨਬੱਧਤਾ ਦਾ ਇੱਕ ਸਾਰਥਕ ਮਾਰਗ ਦਿਖਾਉਂਦਾ ਹੈ। ਐਂਜਲ ਅਤੇ ਗਿਰੀਸ਼ ਦਾ ਰਿਸ਼ਤਾ ਇਹ ਸੁਨੇਹਾ ਦਿੰਦਾ ਹੈ ਕਿ ਦੋਵੇਂ ਸਾਥੀ ਇੱਕ-ਦੂਜੇ ਦੇ ਵਿਰੋਧੀ ਨਹੀਂ, ਸਗੋਂ ਪੂਰਕ ਬਣ ਕੇ ਜੀਵਨ ਨੂੰ ਸੰਪੂਰਨਤਾ ਪ੍ਰਦਾਨ ਕਰਦੇ ਹਨ। ਨਾਵਲਕਾਰ ਅਨੁਸਾਰ, ਅਸਲ ਸਫਲਤਾ ਉਹ ਹੈ ਜਿੱਥੇ ਤੁਹਾਡਾ ਕੈਰੀਅਰ ਤੁਹਾਡੀ ਸ਼ਖ਼ਸੀਅਤ ਨੂੰ ਨਿਖਾਰੇ ਅਤੇ ਤੁਹਾਡਾ ਪਿਆਰ ਤੁਹਾਨੂੰ ਮਾਨਸਿਕ ਸਕੂਨ ਪ੍ਰਦਾਨ ਕਰੇ, ਜਿਸ ਨਾਲ ਸਮਾਜਿਕ ਅਤੇ ਨਿੱਜੀ ਜੀਵਨ ਵਿੱਚ ਇੱਕ ਖ਼ੂਬਸੂਰਤ ਸੰਤੁਲਨ ਸਿਰਜਿਆ ਜਾ ਸਕੇ।

## 6. ਸਿੱਟਾ

ਸਮੁੱਚੇ ਅਧਿਐਨ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਡਾ. ਸੰਦੀਪ ਸਿੰਘ ਮੁੰਡੇ ਦੁਆਰਾ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦਿਤ ਨਾਵਲ 'ਕਲੈਕਟਰ ਸਾਹਿਬਾ' ਕੇਵਲ ਇੱਕ ਗਲਪੀ ਰਚਨਾ ਨਹੀਂ ਹੈ, ਸਗੋਂ ਇਹ ਆਧੁਨਿਕ ਪ੍ਰਤੀਯੋਗੀ ਦੌਰ ਵਿੱਚ ਜੀ ਰਹੇ ਨੌਜਵਾਨਾਂ ਦੀ ਮਾਨਸਿਕਤਾ, ਉਹਨਾਂ ਦੇ ਸੁਪਨਿਆਂ ਅਤੇ ਉਹਨਾਂ ਦੇ ਅੰਦਰੂਨੀ ਦਵੰਦਾਂ ਦਾ ਇੱਕ ਜਿਉਂਦਾ-ਜਾਗਦਾ ਦਸਤਾਵੇਜ਼ ਹੈ। ਇਹ ਨਾਵਲ ਪੰਜਾਬੀ ਪਾਠਕਾਂ, ਵਿਸ਼ੇਸ਼ ਕਰਕੇ ਯੂ.ਪੀ.ਐੱਸ.ਸੀ. ਅਤੇ ਹੋਰ ਉੱਚ-ਪੱਧਰੀ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਉਮੀਦਵਾਰਾਂ ਲਈ ਇੱਕ ਅਹਿਮ ਪ੍ਰੇਰਨਾ ਸਰੋਤ ਵਜੋਂ ਉੱਭਰਦਾ ਹੈ। ਨਾਵਲਕਾਰ ਨੇ ਬੜੀ ਸੂਖਮਤਾ ਨਾਲ ਇਹ ਸਥਾਪਿਤ ਕੀਤਾ ਹੈ ਕਿ 'ਕਲੈਕਟਰ' ਬਣਨਾ ਨਿਰਸੰਦੇਹ ਇੱਕ ਵੱਡੀ ਉਪਲਬਧੀ ਹੈ, ਪਰ ਇਸ ਰੁਤਬੇ ਨੂੰ ਪ੍ਰਾਪਤ ਕਰਨ ਤੋਂ ਬਾਅਦ ਵੀ ਆਪਣੀ ਮਨੁੱਖਤਾ, ਸਾਦਗੀ ਅਤੇ ਨਿੱਜੀ ਰਿਸ਼ਤਿਆਂ ਪ੍ਰਤੀ ਵਫ਼ਾਦਾਰ ਰਹਿਣਾ ਹੀ ਜੀਵਨ ਦੀ ਅਸਲ ਜਿੱਤ ਹੈ। ਇਹ ਰਚਨਾ ਸਾਨੂੰ ਇਹ ਸਮਝਾਉਂਦੀ ਹੈ ਕਿ ਸਫਲਤਾ ਦੇ ਸਿਖਰ 'ਤੇ ਪਹੁੰਚ ਕੇ ਜੇਕਰ ਕੋਈ ਵਿਅਕਤੀ ਆਪਣੀਆਂ ਜੜ੍ਹਾਂ (ਪ੍ਰੇਮ ਅਤੇ ਸਚਾਈ) ਤੋਂ ਟੁੱਟ ਜਾਂਦਾ ਹੈ, ਤਾਂ ਉਹ ਸਫਲਤਾ ਅਰਥਹੀਣ ਹੋ ਜਾਂਦੀ ਹੈ।

ਸਮੁੱਚੇ ਰੂਪ ਵਿੱਚ 'ਯੂ.ਪੀ.ਐੱਸ.ਸੀ. ਵਾਲਾ ਲਵ ਕਲੈਕਟਰ ਸਾਹਿਬਾ' ਨਾਵਲ ਦਾ ਅਨੁਵਾਦ ਪੰਜਾਬੀ ਸਾਹਿਤ ਵਿੱਚ ਇੱਕ ਨਵੀਂ ਵੰਨਗੀ ਦਾ ਪ੍ਰਵੇਸ਼ ਕਰਵਾਉਂਦਾ ਹੈ, ਜੋ ਪਾਠਕਾਂ ਨੂੰ ਮੁਖਰਜੀ ਨਗਰ ਵਰਗੇ ਸਿੱਖਿਆ ਹੱਬਾਂ ਦੀ ਕੌੜੀ ਸਚਾਈ, ਕੋਚਿੰਗ ਸੰਸਥਾਵਾਂ ਦੇ ਵਪਾਰੀਕਰਨ ਅਤੇ ਨੌਕਰਸ਼ਾਹੀ ਦੇ ਅੰਦਰਲੇ ਹੰਕਾਰ ਤੋਂ ਜਾਣੂ ਕਰਵਾਉਂਦਾ ਹੈ। ਡਾ. ਸੰਦੀਪ ਸਿੰਘ ਮੁੰਡੇ ਦੀ ਸਰਲ ਅਤੇ ਪ੍ਰਭਾਵਸ਼ਾਲੀ ਭਾਸ਼ਾ ਨੇ ਮੂਲ ਨਾਵਲ ਦੇ ਭਾਵਾਂ ਨੂੰ ਪੰਜਾਬੀ ਪਾਠਕਾਂ ਦੇ ਦਿਲਾਂ ਤੱਕ ਪਹੁੰਚਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਨਾਵਲ ਦੇ ਅੰਤ ਵਿੱਚ ਐਂਜਲ ਅਤੇ ਗਿਰੀਸ਼ ਦਾ ਮਿਲਣਾ ਇਹ ਸੁਨੇਹਾ ਦਿੰਦਾ ਹੈ ਕਿ ਅਸਲ ਸ਼ਕਤੀ ਅਹੁਦੇ ਵਿੱਚ ਨਹੀਂ, ਸਗੋਂ ਕਿਰਦਾਰ ਦੀ ਮਜ਼ਬੂਤੀ ਵਿੱਚ ਹੁੰਦੀ ਹੈ। 'ਕਲੈਕਟਰ ਸਾਹਿਬਾ' ਨਾਵਲ ਅਜੋਕੀ ਪੀੜ੍ਹੀ ਨੂੰ ਕੈਰੀਅਰ ਅਤੇ ਪਿਆਰ ਦੇ ਦੋਰਾਹੇ 'ਤੇ ਸਹੀ ਚੋਣ ਕਰਨ ਅਤੇ ਇੱਕ ਸੰਤੁਲਿਤ ਜੀਵਨ ਜਿਊਣ ਦੀ ਜਾਚ ਸਿਖਾਉਂਦਾ ਹੈ। ਇਹ ਮਨੁੱਖੀ ਮੁੱਲਾਂ ਦੀ ਸਰਵਉੱਚਤਾ ਦਾ ਹੋਕਾ ਦਿੰਦਾ ਹੋਇਆ, ਨੌਜਵਾਨਾਂ ਨੂੰ ਅਜਿਹਾ 'ਕਲੈਕਟਰ' ਬਣਨ ਲਈ ਪ੍ਰੇਰਿਤ ਕਰਦਾ ਹੈ ਜੋ ਕੇਵਲ ਫਾਈਲਾਂ ਦਾ ਨਿਪਟਾਰਾ ਨਾ ਕਰੇ, ਸਗੋਂ ਸਮਾਜ ਵਿੱਚ ਪ੍ਰੇਮ ਅਤੇ ਨੈਤਿਕਤਾ ਦਾ ਸੰਚਾਰ ਵੀ ਕਰੇ।

## ਹਵਾਲੇ ਅਤੇ ਟਿੱਪਣੀਆਂ


1. *ਕੈਲਾਸ਼ ਮਾਂਜੂ ਬਿਸ਼ਨੋਈ (2025), 'ਯੂ.ਪੀ.ਐੱਸ.ਸੀ. ਵਾਲਾ ਲਵ ਕਲੈਕਟਰ ਸਾਹਿਬਾ' (ਅਨੁਵਾਦ: ਡਾ.ਸੰਦੀਪ ਸਿੰਘ ਮੁੰਡੇ), ਮੰਜੁਲ ਪਬਲਿਸ਼ਿੰਗ ਹਾਊਸ, ਭੋਪਾਲ, ਪੰਨਾ: 3*
2. *-ਉਹੀ-, ਪੰਨਾ: 5*
3. *-ਉਹੀ-, ਪੰਨਾ: 6*
4. *-ਉਹੀ-, ਪੰਨਾ: 49*
5. *-ਉਹੀ-, ਪੰਨਾ: 42*
6. *-ਉਹੀ-, ਪੰਨਾ: 156*
7. *-ਉਹੀ-, ਪੰਨੇ: 139-140*
8. *-ਉਹੀ-, ਪੰਨਾ: 159*
9. *-ਉਹੀ-, ਪੰਨਾ: 14*
10. *-ਉਹੀ-, ਪੰਨਾ: 125*
11. *-ਉਹੀ-, ਪੰਨਾ: 9*



## Cite this Article-

***ਡਾ. ਹਰਦੇਵ ਸਿੰਘ (Dr. Hardev Singh), ਆਧੁਨਿਕ ਪ੍ਰਤੀਯੋਗੀ ਯੁੱਗ ਵਿੱਚ ਪ੍ਰੇਮ, ਕੈਰੀਅਰ ਅਤੇ ਅਭਿਲਾਸ਼ਾਵਾਂ ਦਾ ਦਵੰਦ (ਡਾ. ਸੰਦੀਪ ਸਿੰਘ ਮੁੰਡੇ ਦੁਆਰਾ ਅਨੁਵਾਦਿਤ 'ਕਲੈਕਟਰ ਸਾਹਿਬਾ' ਨਾਵਲ ਦੇ ਵਿਸ਼ੇਸ਼ ਸੰਦਰਭ ਵਿੱਚ) Aadhunik Pratiyogi Yugg Vich Prem, Career Ate Abhilashavan Da Dwand (Dr. Sandeep Singh Munday Dvara Anuvadit 'Collector Sahiba' Novel De Vishesh Sandarbh Vich), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 05-14.***

*Journal URL:* *www.armaan.org.in*

*DOI:* *https://doi.org/10.64119/armaan.vol.4.issue1.02*



***This article is an open access article published under the terms and conditions of the Creative Commons Attribution (CC BY-NC 4.0) license.***
https://creativecommons.org/licenses/by-nc/4.0/